# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

ਇਸ ਸ਼ਬਦਾਵਲੀ ਦਾ ਉਦੇਸ਼ ਚੋਣ ਪ੍ਰਸ਼ਾਸਨ ਯੋਜਨਾ ਦੇ ਪਾਠਕ ਨੂੰ ਸਮੁੱਚੇ ਤੌਰ 'ਤੇ ਚੋਣ ਪ੍ਰਕਿਰਿਆ ਦੀ ਪ੍ਰਸੰਗਕ ਸਮਝ ਮੁਹੱਈਆ ਕਰਨਾ ਅਤੇ ਦਸਤਾਵੇਜ਼ ਵਿੱਚ ਵਰਤੇ ਗਏ ਕੁਝ ਸ਼ਬਦਾਂ ਦੀ ਪਰਿਭਾਸ਼ਾ ਦੇਣਾ ਹੈ। ਕੁਝ ਸ਼ਬਦਾਂ ਨਾਲ ਸੰਬੰਧਿਤ ਸੂਖਮ ਅੰਤਰ ਦੀਆਂ ਲੋੜਾਂ ਦੇ ਸਪਸ਼ਟੀਕਰਨ ਅਤੇ ਸਮਝ ਲਈ, ਚੋਣ ਪ੍ਰਸ਼ਾਸਨ ਯੋਜਨਾ ਦੇਖੋ।

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| 1% ਮੈਨੁਅਲ ਮਿਲਾਨ | ਚੋਣਾਂ ਦੇ ਪ੍ਰਮਾਣੀਕਰਣ ਤੋਂ ਪਹਿਲਾਂ ਵੋਟਾਂ ਦੀ ਮਸ਼ੀਨੀ ਗਿਣਤੀ ਦੀ ਪੁਸ਼ਟੀ ਕਰਨ ਲਈ ਕਾਨੂੰਨੀ ਤੌਰ 'ਤੇ ਲੋੜੀਂਦੀ ਚੋਣ-ਪਰਚੀਆਂ ਦੀ ਗਿਣਤੀ। ਵੋਟਾਂ ਮੰਗਣ ਵਿੱਚ ਸ਼ਾਮਲ ਬਹੁਤ ਸਾਰੇ ਕਦਮਾਂ ਵਿੱਚੋਂ ਇੱਕ। |
| ਰਜਿਸਟ੍ਰੇਸ਼ਨ ਦਾ 15-ਦਿਨ ਪਹਿਲਾਂ ਬੰਦ ਹੋਣਾ | California ਵਿੱਚ ਹਰੇਕ ਚੋਣ ਤੋਂ ਪਹਿਲਾਂ, ਕਨੂੰਨ ਦੁਆਰਾ ਨਿਰਧਾਰਤ, ਵੋਟ ਪਾਉਣ ਲਈ ਰਜਿਸਟਰ ਕਰਨ ਦੀ ਸਮਾਪਤੀ ਤਾਰੀਖ਼। *(California ਚੋਣ ਕੋਡ §2102)* |
| 8D2 ਕਾਰਡ | ***ਵੋਟਰ ਰਿਹਾਇਸ਼ ਪੁਸ਼ਟੀਕਰਨ ਕਾਰਡ*** *ਦੇਖੋ।* |
| *ਗੈਰ-ਹਾਜ਼ਰ ਵਿਅਕਤੀ ਦਾ ਬੈਲਟ* | *ਪੁਰਾਣੀ ਸ਼ਬਦਾਵਲੀ।* ***ਡਾਕ ਦੁਆਰਾ ਵੋਟ ਬੈਲਟ*** *ਦੇਖੋ।* |
| ਪਹੁੰਚਯੋਗ ਬੈਲਟ | ਬੈਲਟ, ਆਮ ਤੌਰ 'ਤੇ ਇਲੈਕਟ੍ਰੋਨਿਕ ਟੱਚਸਕ੍ਰੀਨ, ਜਿਸ 'ਤੇ ਉਮੀਦਵਾਰ ਮੁਕਾਬਲੇ ਅਤੇ ਉਹ ਵਿਧੇਅਕ ਦਿਖਾਈ ਦਿੰਦੇ ਹਨ ਜਿਨ੍ਹਾਂ 'ਤੇ ਵੋਟ ਪਾਈ ਜਾਣੀ ਹੈ, ਸਕ੍ਰੀਨ ਦੇ ਨਿਯਤ ਖੇਤਰ ਨੂੰ ਛੂਹ ਕੇ ਜਾਂ ਕਿਸੇ ਸਹਾਇਕ ਡਿਵਾਈਸ, ਜਿਵੇਂ ਕਿ ਆਡੀਓ ਸੁਣਨ ਵਾਲਾ ਡਿਵਾਈਸ ਅਤੇ ਬ੍ਰੇਲ ਟਚ ਪੈਡ ਜਾਂ ਸਿਪ-ਐਂਡ-ਪਫ, ਦੀ ਵਰਤੋਂ ਨਾਲ ਅਸਮਰਥ ਵਿਅਕਤੀਆਂ ਦੁਆਰਾ ਵਰਤੇ ਜਾਣ ਲਈ ਪਹੁੰਚਯੋਗ ਹੁੰਦਾ ਹੈ। *(California ਚੋਣ ਕੋਡ §19240)* |
| ਪਤਾ ਦਰੁਸਤੀ ਸੇਵਾ (ACS) | ਯੂਨਾਇਟੇਡ ਸਟੇਟਸ ਡਾਕ ਸੇਵਾ ਦੁਆਰਾ ਮੁਹੱਈਆ ਕੀਤਾ ਗਿਆ ਡੇਟਾ ਜਿੱਥੇ ਕਾਉਂਟੀ ਚੋਣ ਅਧਿਕਾਰੀ ਵੋਟਰ ਰਜਿਸਟ੍ਰੇਸ਼ਨ ਰਿਕਾਰਡਾਂ ਅਤੇ ਡਾਕ ਰਿਹਾਇਸ਼ ਪੁਸ਼ਟੀਕਰਨ ਕਾਰਡਾਂ ਦਾ ਪ੍ਰਬੰਧਨ ਕਰਨ ਅਤੇ ਉਹਨਾਂ ਨੂੰ ਅੱਪਡੇਟ ਕਰਨ ਲਈ ਜਾਣਕਾਰੀ ਦੀ ਵਰਤੋਂ ਕਰ ਸਕਦਾ ਹੈ। *(California ਚੋਣ ਕੋਡ §2033)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਕਿਰਿਆਸ਼ੀਲ ਵੋਟਰ | ਕੋਈ ਵੋਟਰ ਜਿਸਦੀ (1) ਜਾਣਕਾਰੀ ਪੂਰੀ ਤਰ੍ਹਾਂ ਅਪਡੇਟ ਹੈ, (2) ਜੋ ਵੋਟਿੰਗ ਸਮੱਗਰੀ ਪ੍ਰਾਪਤ ਕਰ ਸਕਦਾ ਹੈ, ਅਤੇ (3) ਜਿਸ ਨੇ ਹਾਲ ਹੀ ਵਿੱਚ ਵੋਟ ਪਾਈ ਹੈ ਜਾਂ ਪਤਾ ਰਿਹਾਇਸ਼ੀ ਪੁਸ਼ਟੀਕਰਨ ਡਾਕ ਦੁਆਰਾ ਜਿਸ ਦੇ ਪਤੇ ਦੀ ਪੁਸ਼ਟੀ ਕੀਤੀ ਗਈ ਹੈ। ਕੋਈ ਕਿਰਿਆਸ਼ੀਲ ਵੋਟਰ ਕਾਨੂੰਨੀ ਤੌਰ 'ਤੇ ਵੋਟ ਪਾਉਣ ਅਤੇ ਪਟੀਸ਼ਨ 'ਤੇ ਦਸਤਖ਼ਤ ਕਰਨ ਦਾ ਹੱਕਦਾਰ ਹੁੰਦਾ ਹੈ।<br>*(California ਚੋਣ ਕੋਡ §§2220 - 2227)* |
| ਰਜਿਸਟ੍ਰੇਸ਼ਨ ਦਾ ਹਲਫ਼ਨਾਮਾ | ਵੋਟਰ ਰਜਿਸਟ੍ਰੇਸ਼ਨ ਫ਼ਾਰਮ, ਵੋਟਰ ਰਜਿਸਟ੍ਰੇਸ਼ਨ ਕਾਰਡ, ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ, ਜਾਂ ਵੋਟਰ ਰਜਿਸਟ੍ਰੇਸ਼ਨ ਐਪਲੀਕੇਸ਼ਨ ਵਜੋਂ ਵੀ ਜਾਣਿਆ ਜਾਂਦਾ ਹੈ।<br>ਹਰੇਕ ਵਿਅਕਤੀ ਜੋ ਰਜਿਸਟਰਡ ਵੋਟਰ ਬਣਨਾ ਚਾਹੁੰਦਾ ਹੈ ਉਸ ਦਾ ਇਹ ਫਾਰਮ ਲਾਜ਼ਮੀ ਤੌਰ ਤੇ ਪੂਰਾ ਕਰਨਾ ਜ਼ਰੂਰੀ ਹੈ (ਸਿਵਾਏ ਉਸਦੇ ਜਦੋਂ ਸੁਪੀਰਿਅਰ ਕੋਰਟ ਦਾ ਫੈਸਲਾ ਪੇਸ਼ ਕੀਤਾ ਅਤੇ ਦਾਇਰ ਕੀਤਾ ਜਾਂਦਾ ਹੈ)। ਚੋਣ ਤੋਂ ਪਹਿਲਾਂ 15ਵੇਂ ਦਿਨ ਨੂੰ ਜਾਂ ਉਸ ਤੋਂ ਪਹਿਲਾਂ, ਅਤੇ ਹੋਰ ਨਿਰਧਾਰਤ ਅਤੇ ਸਮਾਂ-ਬੱਧ ਸ਼ਰਤਾਂ ਅਧੀਨ, ਕਾਉਂਟੀ ਚੋਣਾਂ ਦੇ ਅਧਿਕਾਰੀ ਦੁਆਰਾ ਪ੍ਰਾਪਤ ਕੀਤੇ ਸਹੀ ਤਰ੍ਹਾਂ ਦਸਤਖ਼ਤ ਕੀਤੇ ਗਏ ਹਲਫ਼ਨਾਮੇ ਨੂੰ ਪ੍ਰਭਾਵੀ ਮੰਨਿਆ ਜਾਵੇਗਾ। ਜਦੋਂ ਵੀ ਕੋਈ ਵੋਟਰ ਆਪਣੀ ਰਿਹਾਇਸ਼ ਦੀ ਥਾਂ ਬਦਲਦਾ ਹੈ, ਵੋਟਰ ਸਹੀ ਤਰ੍ਹਾਂ ਰਜਿਸਟਰ ਹੋਣ ਲਈ ਰਜਿਸਟ੍ਰੇਸ਼ਨ ਦਾ ਨਵੇਂ ਹਲਫ਼ਨਾਮੇ ਜਾਂ ਤਬਦੀਲੀ ਦੇ ਨੋਟਿਸ ਜਾਂ ਚਿੱਠੀ 'ਤੇ ਦਸਤਖ਼ਤ ਕਰੇਗਾ।<br>*(California ਚੋਣ ਕੋਡ §§2100 - 2194.1)* |
| ਸਾਰੀਆਂ ਡਾਕ ਰਾਹੀਂ ਭੇਦੇ ਗਏ ਬੈਲਟ ਵਾਲੀ ਚੋਣ | ਇੱਕ ਸਥਾਨਕ, ਵਿਸ਼ੇਸ਼, ਜਾਂ ਸੰਚਿਤ ਚੋਣ ਜੋ ਪੂਰੀ ਤਰ੍ਹਾਂ ਡਾਕ ਦੁਆਰਾ ਕਰਵਾਈ ਜਾਂਦੀ ਹੈ (ਕੁਝ ਸ਼ਰਤਾਂ ਅਧੀਨ)।<br>*(California ਚੋਣ ਕੋਡ ਡਿਵੀਜ਼ਨ 4)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਵਿਕਲਪਕ ਰਿਹਾਇਸ਼ ਪੁਸ਼ਟੀਕਰਨ (ARC) | ਇੱਕ ਪ੍ਰਕਿਰਿਆ ਜੋ ਮੰਗ ਕਰਦੀ ਹੈ ਕਿ ਕਾਉਂਟੀ ਚੋਣ ਅਧਿਕਾਰੀ ਵੋਟਰ ਸੂਚੀ ਵਿੱਚ ਸੂਚੀਬੱਧ ਹਰੇਕ ਅਜਿਹੇ ਵੋਟਰ ਨੂੰ *ਅੱਗੇ ਭੇਜਣ ਯੋਗ* ਪੋਸਟ ਕਾਰਡ ਭੇਜੇ ਜਿਸ ਨੇ ਚਾਰ ਸਾਲਾਂ ਵਿੱਚ ਵੋਟ ਨਹੀਂ ਪਾਈ ਹੈ ਅਤੇ ਨਾ ਹੀ ਆਪਣਾ ਪਤਾ ਬਦਲਿਆ ਹੈ; ਅਤੇ, ਨਤੀਜੇ ਵਜੋਂ ਵੋਟਰ ਤੋਂ, ਇੱਕ "ਕਿਰਿਆਸ਼ੀਲ" ਵੋਟਰ ਬਣੇ ਰਹਿਣ ਦੀ ਇੱਛਾ ਨੂੰ ਦਰਸਾਉਂਦੇ ਹੋਏ, ਪੋਸਟ ਕਾਰਡ ਦਾ ਜਵਾਬ ਦੇ ਕੇ ਕਾਰਵਾਈ ਕਰਨ ਦੀ ਮੰਗ ਕਰਦੀ ਹੈ। *(California ਚੋਣ ਕੋਡ §2220)* |
| ਅਸਮਰਥਤਾ ਵਾਲੇ ਅਮਰੀਕਾ ਵਾਸੀਆਂ ਲਈ ਅਧਿਨਿਯਮ (ADA) | ਅਸਮਰਥਤਾ ਵਾਲੇ ਅਮਰੀਕਾ ਵਾਸੀਆਂ ਲਈ ਅਧਿਨਿਯਮ (ADA) 1990 ਵਿੱਚ ਕਾਨੂੰਨ ਬਣ ਗਿਆ। ADA ਇੱਕ ਨਾਗਰਿਕ ਅਧਿਕਾਰ ਕਾਨੂੰਨ ਹੈ ਜੋ ਨੌਕਰੀਆਂ, ਸਕੂਲ, ਆਵਾਜਾਈ ਅਤੇ ਆਮ ਲੋਕਾਂ ਲਈ ਖੁੱਲੇ ਸਾਰੇ ਜਨਤਕ ਅਤੇ ਨਿੱਜੀ ਸਥਾਨਾਂ ਸਮੇਤ ਜਨਤਕ ਜੀਵਨ ਦੇ ਸਾਰੇ ਖੇਤਰਾਂ ਵਿੱਚ ਅਪਾਹਜ ਵਿਅਕਤੀਆਂ ਨਾਲ ਵਿਤਕਰਾ ਕਰਨ 'ਤੇ ਪਾਬੰਦੀ ਲਗਾਉਂਦਾ ਹੈ। ਕਾਨੂੰਨ ਦਾ ਉਦੇਸ਼ ਇਹ ਪੱਕਾ ਕਰਨਾ ਹੈ ਕਿ ਅਸਮਰਥਤਾਵਾਂ ਵਾਲੇ ਵਿਅਕਤੀਆਂ ਦੇ ਕੋਲ ਵੀ ਉਹੀ ਅਧਿਕਾਰ ਅਤੇ ਮੌਕੇ ਹੋਣ ਜੋ ਹਰ ਕਿਸੇ ਦੇ ਕੋਲ ਹੁੰਦੇ ਹਨ। ADA ਅਸਮਰਥਤਾ ਵਾਲੇ ਵਿਅਕਤੀਆਂ ਨੂੰ ਵੀ ਨਾਗਰਿਕ ਅਧਿਕਾਰਾਂ ਦੀ ਉਹੀ ਸੁਰੱਖਿਆ ਮੁਹੱਈਆ ਕਰਦਾ ਹੈ ਜੋ ਨਸਲ, ਰੰਗ, ਲਿੰਗ, ਰਾਸ਼ਟਰੀ ਮੂਲ, ਉਮਰ ਅਤੇ ਧਰਮ ਦੇ ਅਧਾਰ 'ਤੇ ਵਿਅਕਤੀਆਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਹਨ। ਇਹ ਜਨਤਕ ਰਿਹਾਇਸ਼, ਰੁਜ਼ਗਾਰ, ਆਵਾਜਾਈ, ਰਾਜ ਅਤੇ ਸਥਾਨਕ ਸਰਕਾਰੀ ਸੇਵਾਵਾਂ ਅਤੇ ਦੂਰ ਸੰਚਾਰ ਵਿੱਚ ਅਸਮਰਥ ਵਿਅਕਤੀਆਂ ਲਈ ਬਰਾਬਰ ਮੌਕੇ ਦੇਣ ਦੀ ਗਰੰਟੀ ਦਿੰਦਾ ਹੈ। *ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਦੇਖੋ।* |
| ਵੋਟਰ ਰਜਿਸਟ੍ਰੇਸ਼ਨ ਲਈ ਅਰਜ਼ੀ | *ਰਜਿਸਟ੍ਰੇਸ਼ਨ ਦਾ ਹਲਫ਼ਨਾਮਾ ਦੇਖੋ।* |
| ਮੁਕੱਰਰ ਕੀਤਾ ਪੋਲਿੰਗ ਸਥਾਨ | ਇੱਕੋ ਥਾਂ ਜਿੱਥੇ ਕੋਈ ਵੋਟਰ ਪੇਸ਼ ਹੋ ਸਕਦਾ ਹੈ, ਬੈਲਟ ਪ੍ਰਾਪਤ ਕਰ ਸਕਦਾ ਹੈ ਅਤੇ ਵੋਟ ਪਾ ਸਕਦਾ ਹੈ ਜਿਸ ਵਿੱਚ ਉਹ ਸਾਰੇ ਮੁਕਾਬਲੇ ਹੁੰਦੇ ਹਨ ਜਿਨ੍ਹਾਂ ਲਈ ਵੋਟਰ ਵੋਟ ਪਾਉਣ ਦਾ ਹੱਕਦਾਰ ਹੈ। ਮੁਕਾਬਲੇ, ਜਿਨ੍ਹਾਂ 'ਤੇ ਵੋਟਰ ਆਪਣੇ ਮੁਕੱਰਰ ਕੀਤੇ ਪੋਲਿੰਗ ਸਥਾਨ 'ਤੇ ਵੋਟ ਪਾਉਣ ਦੇ ਯੋਗ ਨਹੀਂ ਹਨ, ਬੈਲਟ 'ਤੇ ਨਹੀਂ ਹੋਣਗੇ। ਟਿਕਾਣੇ ਖਾਸ ਤੌਰ 'ਤੇ ਵੋਟਰਾਂ ਦੇ ਇੱਕੋ ਪ੍ਰਿਸਿੰਕਟ (ਖੇਤਰ) ਲਈ ਨਿਰਧਾਰਤ ਕੀਤੇ ਜਾਂਦੇ ਹਨ, ਜੋ ਇੱਕ ਮੁਕੱਰਰ ਕੀਤਾ ਵੋਟਿੰਗ ਸਥਾਨ ਸਥਾਪਤ ਕਰਦੇ ਹਨ। ਮੁਕੱਰਰ ਕੀਤੇ ਪੋਲਿੰਗ ਸਥਾਨ ਸਿਰਫ ਪੋਲਿੰਗ ਪਲੇਸ ਮਾਡਲ ਦੇ ਅਧੀਨ ਵਰਤੇ ਜਾਂਦੇ ਹਨ। |

## ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਸਵੈਚਲਿਤ ਮੁੜ-ਗਿਣਤੀ ਨੀਤੀ | Santa Clara ਕਾਉਂਟੀ ਸੁਪਰਵਾਈਜ਼ਰਾਂ ਦੇ ਬੋਰਡ ਦੁਆਰਾ ਅਪਣਾਈ ਗਈ ਇੱਕ ਨੀਤੀ, ਜੋ ਕੁਝ ਮੁਕਾਬਲਿਆਂ ਵਿੱਚ ਬੈਲਟ (ਵੋਟ-ਪਰਚੀਆਂ) ਦਾ ਹੱਥੀਂ ਮਿਲਾਨ ਕਰਨ ਦੀ ਪ੍ਰਕਿਰਿਆ ਸਥਾਪਤ ਕਰਦੀ ਹੈ, ਜਿਸ ਨਾਲ ਜਿੱਤ ਦੇ ਘੱਟ ਮਾਰਜਨ ਵਾਲੇ ਸਥਾਨਕ ਮੁਕਾਬਲਿਆਂ ਦੇ ਨਤੀਜਿਆਂ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ, ਜਿਸ ਵਿੱਚ ਉਮੀਦਵਾਰ ਜਾਂ ਚਾਹਵਾਨ ਵੋਟਰ ਨੂੰ ਮੁੜ-ਗਿਣਤੀ ਦੀ ਲਾਗਤ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੋਵੇਗੀ। ਨੀਤੀ ਪੂਰੀ ਤਰ੍ਹਾਂ ਨਾਲ Santa Clara ਕਾਉਂਟੀ ਅੰਦਰਲੇ ਸਾਰੇ ਮੁਕਾਬਲਿਆਂ (ਰਾਜ ਅਤੇ ਸੰਘੀ ਦਫਤਰਾਂ ਨੂੰ ਛੱਡ ਕੇ) ਵਿੱਚ ਹੱਥੀਂ ਮੁੜ-ਗਿਣਤੀ ਦੀ ਮੰਗ ਕਰਦੀ ਹੈ ਜਿਥੇ ਜਿੱਤ ਦਾ ਮਾਰਜਨ ਜਾਂ ਤਾਂ ਪਾਈਆਂ ਗਈਆਂ ਵੋਟਾਂ ਦੇ 0.25 ਪ੍ਰਤਿਸ਼ਤ ਤੋਂ ਘੱਟ ਹੈ ਜਾਂ 25 ਵੋਟਾਂ ਤੋਂ ਘੱਟ ਹੈ, ਸਿਵਾਏ ਉਹਨਾਂ ਮੁਕਾਬਲਿਆਂ ਦੇ ਜੋ ਜਾਂ ਤਾਂ ਪੂਰੀ ਕਾਉਂਟੀ ਲਈ ਹਨ ਜਾਂ San José ਸਿਟੀ ਲਈ ਹਨ ਜਿਨ੍ਹਾਂ ਲਈ ਮਸ਼ੀਨੀ ਮੁੜ-ਗਿਣਤੀ ਨੂੰ ਵਰਤਿਆ ਜਾ ਸਕਦਾ ਹੈ। ਪਾਲਿਸੀ ਦੇ ਅਨੁਸਾਰ ਮਿਲਾਨ ਕਰਵਾਇਆ ਜਾਣਾ ਜ਼ਰੂਰੀ ਹੈ।<br>*(Santa Clara ਕਾਉਂਟੀ ਸੁਪਰਵਾਈਜ਼ਰਾਂ ਦੇ ਬੋਰਡ ਦੇ ਪਾਲਿਸੀ ਮੈਨੂਅਲ ਦਾ ਸੈਕਸ਼ਨ 3.63)* |
| ਬੈਲਟ ਡ੍ਰੌਪ-ਬੌਕਸ | ਵੋਟਰਾਂ ਦੇ ਰਜਿਸਟਰਾਰ/ਕਾਉਂਟੀ ਚੋਣ ਅਧਿਕਾਰੀ ਦੁਆਰਾ ਸਥਾਪਤ ਇੱਕ ਸੁਰੱਖਿਅਤ ਡਿੱਬਾ ਜਿਸ ਵਿੱਚ ਵੋਟ ਪਾਈ ਗਈ ਡਾਕ ਬੈਲਟ ਵਾਪਸ ਕੀਤੀ ਜਾ ਸਕਦੀ ਹੈ। |
| ਬੈਲਟ ਡ੍ਰੌਪ-ਔਫ਼ ਸਥਾਨ (BDL) | ਵੋਟਰਾਂ ਦੇ ਰਜਿਸਟਰਾਰ ਦੁਆਰਾ ਸਥਾਪਿਤ ਸਥਾਨ, ਜਿੱਥੇ ਜਾਂ ਤਾਂ ਟਿਕਾਣੇ ਦੇ ਅੰਦਰ ਜਾਂ ਬਾਹਰ ਸੁਰੱਖਿਅਤ ਅਧਿਕਾਰਤ ਬੈਲਟ ਡ੍ਰੌਪ-ਬੌਕਸ ਸਥਿਤ ਹੋਵੇਗਾ। |
| ਪਹੁੰਚਯੋਗ ਫਾਰਮੈਟ ਵਿੱਚ ਬੈਲਟ | *ਪਹੁੰਚਯੋਗ ਬੈਲਟ ਦੇਖੋ।* |
| ਬੈਲਟ 'ਤੇ ਨਿਸ਼ਾਨ ਲਗਾਉਣ ਦਾ ਡਿਵਾਈਸ (BMD) | ਆਪਣੀ ਬੈਲਟ 'ਤੇ ਨਿਸ਼ਾਨ ਲਗਾਉਣ ਵਿੱਚ ਵੋਟਰ ਦੀ ਸਹਾਇਤਾ ਕਰਨ ਵਾਲਾ ਡਿਵਾਈਸ। ਡਿਵਾਈਸ ਕਿਸੇ ਵੀ ਆਕਾਰ, ਸ਼ਕਲ, ਜਾਂ ਰੂਪ ਵਿੱਚ ਹੋ ਸਕਦਾ ਹੈ, ਅਤੇ ਬੈਲਟ 'ਤੇ ਲਗਾਏ ਗਏ ਨਿਸ਼ਾਨ ਨੂੰ ਸਪੱਸ਼ਟ ਢੰਗ ਨਾਲ ਵੋਟਰ ਦੀ ਚੋਣ ਨੂੰ ਦਰਸਾਉਣਾ ਚਾਹੀਦਾ ਹੈ।<br>*(California ਚੋਣ ਕੋਡ §14270)* |
| ਮੰਗ ਕਰਨ 'ਤੇ ਬੈਲਟ (BOD) | ਇੱਕ ਪ੍ਰਮਾਣਿਤ ਸਵੈ-ਨਿਰਭਰ ਪ੍ਰਣਾਲੀ ਜਿਸ ਨਾਲ ਕੋਈ ਕਾਉਂਟੀ ਚੋਣ ਅਧਿਕਾਰੀ ਮੰਗੇ ਜਾਣ 'ਤੇ ਵੋਟ ਪਾਉਣ ਲਈ ਰਜਿਸਟਰਡ ਵੋਟਰਾਂ ਨੂੰ ਮੁਹੱਈਆ ਕਰਾਉਣ ਲਈ ਅਧਿਕਾਰਤ ਬੈਲਟ ਕਾਰਡ ਸਟਾਕ 'ਤੇ ਬੈਲਟ ਛਾਪ ਸਕਦਾ ਹੈ। ਇਹ ਪ੍ਰਣਾਲੀ ਲੋੜ ਦੇ ਅਧਾਰ 'ਤੇ, ਚੋਣਾਂ ਤੋਂ ਪਹਿਲਾਂ ਤਿਆਰ ਕੀਤੀਆਂ ਅਧਿਕਾਰਤ ਬੈਲਟ (ਵੋਟ-ਪਰਚੀਆਂ) ਦੀ ਪੂਰਕ ਬਣੇਗੀ।<br>*(California ਚੋਣ ਕੋਡ §13004.5)* |
| ਸੁਪਰਵਾਈਜ਼ਰਾਂ ਦਾ ਬੋਰਡ (BOS) | ਨਿਯੰਤ੍ਰਕ ਇਕਾਈ ਜੋ Santa Clara ਕਾਉਂਟੀ ਦੇ ਸਰਕਾਰੀ ਪ੍ਰਸ਼ਾਸਨ ਦੇ ਸੰਚਾਲਨ ਦੀ ਨਿਗਰਾਨੀ ਕਰਦੀ ਹੈ। |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| Cal-Access | ਰਾਜ ਦੇ ਉਮੀਦਵਾਰਾਂ, ਦਾਨੀਆਂ, ਲੌਬੀ ਕਰਨ ਵਾਲਿਆਂ ਅਤੇ ਹੋਰਾਂ ਦੁਆਰਾ ਦਿੱਤੀ ਜਾਂਦੀ ਵਿੱਤੀ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਤੱਕ ਪਹੁੰਚਣ ਲਈ ਰਾਜ ਦੇ ਕਾਨੂੰਨਾਂ ਦੇ ਅਨੁਸਾਰ ਸੈਕ੍ਰੇਟਰੀ ਔਫ਼ ਸਟੇਟ ਦੁਆਰਾ ਤਿਆਰ ਕੀਤੀ ਗਈ ਔਨਲਾਈਨ ਪ੍ਰਣਾਲੀ। ਉਹਨਾਂ ਮੁਹਿੰਮ ਕਰਨ ਵਾਲੀਆਂ ਸੰਸਥਾਵਾਂ ਲਈ ਔਨਲਾਈਨ ਜਾਂ ਇਲੈਕਟ੍ਰੌਨਿਕ ਤਰੀਕੇ ਨਾਲ ਦਾਇਰ ਕਰਨਾ ਜ਼ਰੂਰੀ ਹੈ ਜਿਨ੍ਹਾਂ ਨੇ 1 ਜਨਵਰੀ 2000 ਤੋਂ ਬਾਅਦ $25,000 ਇਕੱਠੇ ਕੀਤੇ ਜਾਂ ਖਰਚ ਕੀਤੇ ਹਨ। ਲੌਬੀ ਕਰਨ ਵਾਲੀਆਂ ਸੰਸਥਾਵਾਂ ਲਈ ਕਿਸੇ ਕਲੰਡਰ ਤਿਮਾਹੀ ਵਿੱਚ ਰਿਪੋਰਟ ਕਰਨ ਯੋਗ ਭੁਗਤਾਨ, ਖਰਚੇ, ਯੋਗਦਾਨ, ਤੋਹਫ਼ੇ ਜਾਂ ਹੋਰ ਵਸਤੂਆਂ ਦੀ ਕਿਸੇ ਵੀ ਸ਼੍ਰੇਣੀ ਦੀ ਕੁੱਲ ਰਕਮ $2,500 ਜਾਂ ਇਸ ਤੋਂ ਵੱਧ ਹੋਣ 'ਤੇ ਔਨਲਾਈਨ ਜਾਂ ਇਲੈਕਟ੍ਰੌਨਿਕ ਤਰੀਕੇ ਨਾਲ ਦਾਇਰ ਕਰਨਾ ਲਾਜ਼ਮੀ ਹੁੰਦਾ ਹੈ।<br>*(California ਸਰਕਾਰੀ ਕੋਡ §§84602 ਅਤੇ 84605)* |
| Cal-Online | ਸੈਕ੍ਰੇਟਰੀ ਔਫ਼ ਸਟੇਟ ਦੀ ਵੈੱਬਸਾਈਟ 'ਤੇ ਦਿੱਤੀ ਇੱਕ ਵੈੱਬ-ਅਧਾਰਤ ਡੇਟਾ ਐਂਟਰੀ ਫਾਈਲਿੰਗ ਪ੍ਰਣਾਲੀ ਜਿਸ ਨਾਲ California ਦੇ ਰਾਜਨੀਤਿਕ ਸੁਧਾਰ ਅਧਿਨਿਯਮ ਦੁਆਰਾ ਆਦੇਸ਼ ਦਿੱਤੇ ਰਾਜ ਦੇ ਖੁਲਾਸੇ ਦੇ ਬਿਆਨ/ਰਿਪੋਰਟਾਂ ਨੂੰ ਰਾਜ ਦੇ ਸੈਕ੍ਰੇਟਰੀ ਔਫ਼ ਸਟੇਟ ਕੋਲ ਮੁਫ਼ਤ ਦਾਇਰ ਕੀਤਾ ਜਾ ਸਕਦਾ ਹੈ। ਇਸ ਮੁਫ਼ਤ ਐਪਲੀਕੇਸ਼ਨ ਨੂੰ ਵਰਤਣ ਲਈ ਦਾਇਰ ਕਰਨ ਵਾਲੇ ਕੋਲ ਇੱਕ ਵੈਧ ਆਈਡੀ ਨੰਬਰ ਅਤੇ ਪਾਸਵਰਡ ਹੋਣਾ ਲਾਜ਼ਮੀ ਹੈ। ਫਿਰ ਜਾਣਕਾਰੀ ਨੂੰ ਜਨਤਾ ਦੇ ਦੇਖੇ ਜਾਣ ਲਈ ਸੈਕ੍ਰੇਟਰੀ ਔਫ਼ ਸਟੇਟ ਦੀ Cal-Access ਵੈੱਬਸਾਈਟ 'ਤੇ ਦੁਬਾਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ।<br>*(California ਸਰਕਾਰੀ ਕੋਡ §84602)* |
| California ਵਿਨਿਯਮਾਂ ਦਾ ਕੋਡ | ਕਾਨੂੰਨੀ ਦਸਤਾਵੇਜ਼ ਜਿਸ ਵਿੱਚ California ਦੇ ਸੈਕ੍ਰੇਟਰੀ ਔਫ਼ ਸਟੇਟ ਰਾਜ ਦੇ ਚੋਣ ਕਾਨੂੰਨ ਦੀ ਇਕਸਾਰ ਵਰਤੋਂ ਅਤੇ ਪ੍ਰਸ਼ਾਸਨ ਦਾ ਭਰੋਸਾ ਦਿਵਾਉਣ ਲਈ ਨਿਯਮਾਂ ਨੂੰ ਕੋਡਬੱਧ ਕਰਦੇ ਹਨ। |
| California ਚੋਣ ਕੋਡ | ਕਾਨੂੰਨ ਜੋ California ਵਿੱਚ ਚੋਣਾਂ ਦੇ ਪ੍ਰਸ਼ਾਸਨ ਨੂੰ ਨਿਯੰਤ੍ਰਿਤ ਕਰਦਾ ਹੈ। |
| California ਸਰਕਾਰੀ ਕੋਡ | ਕਾਨੂੰਨ ਜੋ ਪੂਰੇ California ਵਿੱਚ ਸਰਕਾਰੀ ਪ੍ਰਸ਼ਾਸਨ ਨੂੰ ਨਿਯੰਤ੍ਰਿਤ ਕਰਦਾ ਹੈ। |
| ਰੱਦ ਕੀਤਾ ਗਿਆ ਵੋਟਰ | ਹੇਠ ਲਿਖੀਆਂ ਕਾਰਵਾਈਆਂ ਤੋਂ ਬਾਅਦ ਵੋਟਰ ਨੂੰ ਵੋਟਰ ਡੇਟਾਬੇਸ ਵਿੱਚ ਰੱਦ ਕੀਤਾ ਜਾ ਸਕਦਾ ਹੈ:<br>1. ਪਤੇ ਦੀ ਪੁਸ਼ਟੀਕਰਨ ਡਾਕ ਦਾ ਕੋਈ ਜਵਾਬ ਨਹੀਂ<br>2. ਲਗਾਤਾਰ ਦੋ ਰਾਸ਼ਟਰਪਤੀ ਚੋਣ ਸਾਈਕਲਾਂ ਲਈ ਕੋਈ ਵੋਟਿੰਗ ਰਿਕਾਰਡ ਨਹੀਂ<br>3. ਮੌਤ ਹੋਣ ਕਰਕੇ<br>4. ਵੋਟਰ ਦੀ ਆਪਣੀ ਬੇਨਤੀ ਦੁਆਰਾ<br>ਵੋਟਰਾਂ ਦੇ ਰੋਸਟਰ ਜਾਂ ਚੋਣ ਅਧਿਕਾਰੀ ਦੁਆਰਾ ਤਿਆਰ ਕੀਤੀ ਕਿਸੇ ਵੀ ਸੂਚੀ 'ਤੇ ਵੋਟਰ ਦਿਖਾਈ ਨਹੀਂ ਦੇਵੇਗਾ ਅਤੇ ਵੋਟ ਪਾਉਣ ਦੀ ਕੋਈ ਸਮੱਗਰੀ ਪ੍ਰਾਪਤ ਨਹੀਂ ਕਰੇਗਾ। ਕੋਈ ਰੱਦ ਕੀਤਾ ਗਿਆ ਵੋਟਰ ਨਵੀਂ ਵੋਟਰ ਰਜਿਸਟ੍ਰੇਸ਼ਨ ਅਰਜ਼ੀ ਦੇ ਪੂਰਾ ਹੋਣ 'ਤੇ ਵੋਟ ਪਾਉਣ ਦੇ ਯੋਗ ਹੁੰਦਾ ਹੈ। ਰੱਦ ਕੀਤਾ ਵੋਟਰ ਕਿਸੇ ਪਟੀਸ਼ਨ 'ਤੇ ਦਸਤਖ਼ਤ ਨਹੀਂ ਕਰ ਸਕਦਾ ਹੈ।<br>*(California ਚੋਣ ਕੋਡ §2183)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

<table>
<tr><th>ਸ਼ਬਦ/ਸੰਖੇਪ ਸ਼ਬਦ</th><th>ਅਰਥ</th></tr>
<tr><td>ਉਮੀਦਵਾਰ</td><td>ਕੋਈ ਵਿਅਕਤੀ ਹੇਠ ਲਿਖੀਆਂ ਸਥਿਤੀਆਂ ਵਿੱਚ ਉਮੀਦਵਾਰ ਬਣਦਾ ਹੈ:<br>1. ਵਿਅਕਤੀ ਦਾ ਨਾਮ ਕਿਸੇ ਪ੍ਰਾਇਮਰੀ, ਆਮ, ਵਿਸ਼ੇਸ਼, ਜਾਂ ਦੁਬਾਰਾ ਬੁਲਾਈ ਚੋਣ ਦੀ ਬੈਲਟ 'ਤੇ ਸੂਚੀਬੱਧ ਹੁੰਦਾ ਹੈ; ਜਾਂ<br>2. ਵਿਅਕਤੀ ਕਿਸੇ ਵੀ ਰਾਜ ਜਾਂ ਸਥਾਨਕ ਚੋਣਵੇਂ ਦਫਤਰ ਵਾਸਤੇ ਨਾਮਜ਼ਦਗੀ ਜਾਂ ਚੋਣ ਲਈ ਚੋਣ ਅਧਿਕਾਰੀ ਨੂੰ ਉਸਦੀ ਤਰਫ਼ੋਂ ਰਾਈਟ-ਇਨ ਵੋਟਾਂ ਦੀ ਗਿਣਤੀ ਕਰਵਾਉਣ ਦੇ ਯੋਗ ਹੁੰਦਾ ਹੈ; ਜਾਂ<br>3. ਵਿਅਕਤੀ ਨੂੰ ਕਿਸੇ ਵੀ ਰਾਜ ਜਾਂ ਸਥਾਨਕ ਚੋਣਵੇਂ ਦਫਤਰ ਲਈ ਆਪਣੀ ਨਾਮਜ਼ਦਗੀ ਜਾਂ ਚੋਣ ਲਈ ਯੋਗਦਾਨ ਮਿਲਦਾ ਹੈ ਜਾਂ ਖਰਚਾ ਕਰਦਾ ਹੈ (ਜਾਂ ਕਿਸੇ ਹੋਰ ਵਿਅਕਤੀ ਦੁਆਰਾ ਯੋਗਦਾਨ ਪ੍ਰਾਪਤ ਕਰਨ ਜਾਂ ਖਰਚ ਕੀਤੇ ਜਾਣ ਲਈ ਸਹਿਮਤੀ ਦਿੰਦਾ ਹੈ); ਜਾਂ<br>4. ਉਹ ਵਿਅਕਤੀ ਇੱਕ ਚੁਣਿਆ ਗਿਆ ਅਹੁਦੇਦਾਰ ਹੈ।<br>ਰਾਜਨੀਤਿਕ ਸੁਧਾਰ ਅਧਿਨਿਯਮ ਦੇ ਅਧੀਨ ਸੰਘੀ ਅਹੁਦੇ ਲਈ ਖੜ੍ਹੇ ਹੋਣ ਵਾਲੇ ਵਿਅਕਤੀ "ਉਮੀਦਵਾਰ" ਨਹੀਂ ਹੁੰਦੇ।<br>(California ਸਰਕਾਰੀ ਕੋਡ §§82007 ਅਤੇ 84214)</td></tr>
<tr><td>ਵੋਟਾਂ ਮੰਗਣਾ (ਅਧਿਕਾਰਤ ਵੋਟਾਂ ਮੰਗਣਾ)</td><td>ਕਾਉਂਟੀ ਚੋਣ ਅਧਿਕਾਰੀ ਲਈ ਪ੍ਰਾਪਤ ਹੋਈਆਂ ਸਾਰੀਆਂ ਬੈਲਟ (ਵੋਟ-ਪਰਚੀਆਂ) (ਆਰਜ਼ੀ ਬੈਲਟ, ਡਾਕ ਰਾਹੀਂ ਵੋਟ ਬੈਲਟ, ਅਤੇ ਸ਼ਰਤਬੱਧ ਵੋਟਰ ਬੈਲਟ ਸਮੇਤ) ਦੀ ਪ੍ਰੋਸੈਸਿੰਗ ਅਤੇ ਸੂਚੀਕਰਨ ਨੂੰ ਪੂਰਾ ਕਰਨ, ਸਮੱਗਰੀ ਦਾ ਮਿਲਾਨ ਕਰਨ, ਬੈਲਟ (ਵੋਟ-ਪਰਚੀਆਂ) ਦਾ ਹੱਥੀਂ ਮਿਲਾਨ (ਤਸਦੀਕ) ਕਰਾਉਣ, ਨਤੀਜਿਆਂ ਨੂੰ ਪ੍ਰਮਾਣਿਤ ਕਰਨ, ਅਤੇ ਚੋਣ ਸਰਟੀਫਿਕੇਟ ਜਾਰੀ ਕਰਨ ਲਈ ਕਾਨੂੰਨੀ ਸਮਾਂ-ਸੀਮਾ (ਆਮ ਤੌਰ 'ਤੇ ਚੋਣ ਵਾਲੇ ਦਿਨ ਤੋਂ ਬਾਅਦ ਪਹਿਲੇ ਦਿਨ ਤੋਂ ਸ਼ੁਰੂ ਕਰਦੇ ਹੋਏ 30 ਦਿਨਾਂ ਦੀ ਮਿਆਦ)।<br>(California ਚੋਣ ਕੋਡ ਡਿਵੀਜ਼ਨ 15)</td></tr>
<tr><td>ਭਾਈਚਾਰਾ ਅਧਾਰਤ ਸੰਗਠਨ (CBOs)</td><td>ਵੋਟਰਾਂ ਦਾ ਰਜਿਸਟਰਾਰ (ROV) ਵੋਟਰ ਰਜਿਸਟ੍ਰੇਸ਼ਨ ਨੂੰ ਵਧਾਉਣ ਅਤੇ ਨਵੇਂ ਰਜਿਸਟਰਡ ਵੋਟਰਾਂ ਨੂੰ ਵੋਟ ਰਾਹੀਂ ਲੋਕਤੰਤਰ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਵਾਸਤੇ ਭਾਈਚਾਰਾ ਅਧਾਰਤ ਸੰਗਠਨਾਂ (CBOs) ਨਾਲ ਜੁੜਦਾ ਹੈ।</td></tr>
<tr><td>ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ</td><td>ਸਹੀ ਢੰਗ ਨਾਲ ਦਸਤਖ਼ਤ ਕੀਤਾ ਰਜਿਸਟ੍ਰੇਸ਼ਨ ਦਾ ਹਲਫ਼ੀਆ ਬਿਆਨ ਜੋ ਚੋਣ ਵਾਲੇ ਦਿਨ ਨੂੰ ਜਾਂ ਉਸ ਤੋਂ ਤੁਰੰਤ ਪਹਿਲਾਂ ਦੇ 14 ਦਿਨਾਂ ਵਿੱਚ ਰਜਿਸਟਰ ਕਰਨ ਵਾਲੇ ਦੁਆਰਾ ਕਾਉਂਟੀ ਚੋਣ ਅਧਿਕਾਰੀ ਨੂੰ ਦਿੱਤਾ ਜਾਂਦਾ ਹੈ ਅਤੇ ਜਿਸ ਨੂੰ ਚੋਣ ਅਧਿਕਾਰੀ ਦੁਆਰਾ ਹਲਫ਼ਨਾਮੇ 'ਤੇ ਪ੍ਰਕਿਰਿਆ ਕਰਨ, ਰਜਿਸਟਰ ਕਰਨ ਵਾਲੇ ਦੀ ਰਜਿਸਟਰ ਕਰਨ ਦੀ ਯੋਗਤਾ ਨਿਰਧਾਰਤ ਕਰਨ, ਵੋਟਾਂ ਮੰਗਣ ਦੀ ਮਿਆਦ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਰਜਿਸਟਰ ਕਰਨ ਵਾਲੇ ਦੀ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਤੋਂ ਬਾਅਦ ਪ੍ਰਭਾਵੀ ਮੰਨਿਆ ਜਾ ਸਕਦਾ ਹੈ। ਵੋਟਰ ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ ਫਾਰਮ ਭਰ ਸਕਦਾ ਹੈ ਅਤੇ ਇੱਕ ਆਰਜ਼ੀ ਬੈਲਟ ਪਾ ਸਕਦਾ ਹੈ।<br>(California ਚੋਣ ਕੋਡ §§2170 - 2173)</td></tr>
</table>

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) | ਕਾਉਂਟੀ ਚੋਣ ਅਧਿਕਾਰੀ ਦੁਆਰਾ ਤਿਆਰ ਕੀਤੀ, ਅਨੁਵਾਦ ਕੀਤੀ ਅਤੇ ਛਾਪੀ ਗਈ ਪੁਸਤਕ ਜਿਸ ਵਿੱਚ ਮਹੱਤਵਪੂਰਨ ਜਾਣਕਾਰੀ ਹੁੰਦੀ ਹੈ, ਜਿਵੇਂ ਕਿ ਬੈਲਟ ਡ੍ਰੌਪ-ਬੌਕਸ ਸਥਾਨ ਅਤੇ ਵੋਟ ਕੇਂਦਰਾਂ ਦੀ ਸੂਚੀ, ਅਧਿਕਾਰਤ ਬੈਲਟ ਦਾ ਨਮੂਨਾ (ਨਮੂਨਾ ਬੈਲਟ ਦੇਖੋ); ਉਮੀਦਵਾਰ ਦੇ ਬਿਆਨ; ਕਾਨੂੰਨੀ ਲਿਖਤ, ਨਿਰਪੱਖ ਵਿਸ਼ਲੇਸ਼ਣ, ਅਤੇ ਸਥਾਨਕ ਬੈਲਟ ਵਿਧੇਅਕਾਂ ਦੇ ਹੱਕ ਵਿੱਚ ਜਾਂ ਇਸਦੇ ਵਿਰੁੱਧ ਦਲੀਲਾਂ; ਅਤੇ, ਇੱਕ ਬੈਲਟ ਬਦਲਣ ਲਈ ਬੇਨਤੀ ਫਾਰਮ। ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਨੂੰ ਕਿਸੇ ਚੋਣ ਤੋਂ ਲਗਭਗ 40 ਦਿਨ ਪਹਿਲਾਂ ਤੋਂ ਸ਼ੁਰੂ ਕਰਦੇ ਹੋਏ ਭੇਜਿਆ ਜਾਂਦਾ ਹੈ। ਪਹਿਲਾਂ ਨਮੂਨਾ ਬੈਲਟ ਕਿਤਾਬਚੇ ਵਜੋਂ ਜਾਣਿਆ ਜਾਂਦਾ ਸੀ। CVIG ਦੇ ਅਨੁਵਾਦਿਤ ਸੰਸਕਰਨ ਸਪੈਨਿਸ਼, ਚੀਨੀ, ਟੈਗਾਲੋਗ ਅਤੇ ਵੀਅਤਨਾਮੀ ਵਿੱਚ ਉਪਲਬਧ ਹਨ।<br>ਇਹ ਸੈਕ੍ਰੇਟਰੀ ਔਫ਼ ਸਟੇਟ ਦੁਆਰਾ ਤਿਆਰ ਕੀਤੀ ਗਈ ਅਧਿਕਾਰਤ ਵੋਟਰ ਜਾਣਕਾਰੀ ਗਾਈਡ ਨਹੀਂ ਹੁੰਦੀ ਹੈ।<br>*(California ਚੋਣ ਕੋਡ §§13300 - 13317)* |
| ਡਾਉਨਲੋਡ ਕਰਨ ਯੋਗ ਬੈਲਟ | ਵੋਟਰਾਂ ਦੇ ਰਜਿਸਟਰਾਰ ਦੁਆਰਾ ਦੂਰੋਂ ਪਹੁੰਚਯੋਗ ਡਾਕ-ਰਾਹੀਂ-ਵੋਟ (RAVBM) ਅਰਜ਼ੀ ਰਾਹੀਂ ਪ੍ਰਾਪਤ ਕੀਤੀ ਅਤੇ ਇਲੈਕਟ੍ਰੌਨਿਕ ਤਰੀਕੇ ਨਾਲ ਵੋਟ ਪਾਉਣ ਵਿੱਚ ਵਰਤੇ ਜਾਣ ਲਈ ਕਿਸੇ ਵੋਟਰ ਦੇ ਘਰੇਲੂ ਡਿਵਾਈਸ 'ਤੇ ਨਕਲ ਕੀਤੀ ਗਈ ਬੈਲਟ। ਫਿਰ ਵੋਟਰ ਨੂੰ ਆਪਣੀ ਵੋਟ ਦੀ ਗਿਣਤੀ ਕਰਾਉਣ ਲਈ ਆਪਣੀ ਬੈਲਟ ਨੂੰ ਪ੍ਰਿੰਟ ਕਰਕੇ ਡਾਕ ਰਾਹੀਂ ਵੋਟਰਾਂ ਦੇ ਰਜਿਸਟਰਾਰ ਨੂੰ ਭੇਜਣਾ ਹੋਵੇਗਾ।<br>*(California ਚੋਣ ਕੋਡ §3007.7)* |
| ਡਾਇਰੈਕਟ-ਰਿਕਾਰਡਿੰਗ ਇਲੈਕਟ੍ਰੌਨਿਕ (DRE) | *ਪੁਰਾਣੀ ਵੋਟਿੰਗ ਮਸ਼ੀਨ।*<br>ਇੱਕ ਵੋਟ ਪਾਉਣ ਵਾਲੀ ਮਸ਼ੀਨ ਜੋ ਬੈਲਟ ਡਿਸਪਲੇ, ਜਿਸ ਵਿੱਚ ਵੋਟਰ ਦੁਆਰਾ ਕਿਰਿਆਸ਼ੀਲ ਕੀਤੇ ਜਾ ਸਕਣ ਵਾਲੇ ਮਕੈਨੀਕਲ ਜਾਂ ਇਲੈਕਟ੍ਰੋ-ਔਪਟੀਕਲ ਹਿੱਸੇ ਹੁੰਦੇ ਹਨ, ਦੇ ਜ਼ਰੀਏ ਵੋਟਾਂ ਨੂੰ ਰਿਕਾਰਡ ਕਰਦੀ ਹੈ; ਜੋ ਇੱਕ ਕੰਪਿਊਟਰ ਪ੍ਰੋਗਰਾਮ ਦੇ ਜ਼ਰੀਏ ਡੇਟਾ 'ਤੇ ਪ੍ਰਕਿਰਿਆ ਕਰਦਾ ਹੈ; ਅਤੇ ਜੋ ਮੈਮੋਰੀ ਹਿੱਸਿਆਂ ਵਿੱਚ ਵੋਟਿੰਗ ਡੇਟਾ ਅਤੇ ਬੈਲਟ ਚਿੱਤਰਾਂ ਨੂੰ ਰਿਕਾਰਡ ਕਰਦਾ ਹੈ। |
| ਜਲਦੀ ਵੋਟ ਪਾਉਣੀ | ਚੋਣ ਦਿਵਸ ਤੋਂ ਪਹਿਲਾਂ ਦਾ ਸਮਾਂ, ਜਦੋਂ ਵੋਟਰ ਵੋਟ ਪਾ ਸਕਦੇ ਹਨ। California ਵਿੱਚ "ਕੋਈ ਬਹਾਨਾ ਨਹੀਂ" ਛੇਤੀ ਵੋਟ ਪਾਉਣ ਦਾ ਸਿਸਟਮ ਹੈ ਅਤੇ ਵੋਟਰ ਨੂੰ ਚੋਣ ਵਾਲੇ ਦਿਨ ਵੋਟ ਪਾਉਣ ਦੇ ਸਮਰੱਥ ਨਾ ਹੋਣ ਲਈ ਕੋਈ ਬਹਾਨਾ ਦੇਣ ਦੀ ਲੋੜ ਨਹੀਂ ਹੁੰਦੀ। California ਵਿੱਚ, ਜਲਦੀ ਵੋਟਿੰਗ, ਚੋਣਾਂ ਤੋਂ 29 ਦਿਨ ਪਹਿਲਾਂ ਤੱਕ ਸ਼ੁਰੂ ਹੋ ਸਕਦੀ ਹੈ। Santa Clara ਕਾਉਂਟੀ ਵਿੱਚ ਰਜਿਸਟਰਡ ਵੋਟਰ, ਚੋਣ ਵਾਲੇ ਦਿਨ ਤੋਂ ਦੱਸ ਦਿਨ ਪਹਿਲਾਂ ਸ਼ੁਰੂ ਕਰਦੇ ਹੋਏ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਜਾਂ ਕਿਸੇ ਵੀ ਵੋਟ ਕੇਂਦਰ ਵਿੱਚ ਜਲਦੀ ਵੋਟ ਪਾ ਸਕਦੇ ਹਨ।<br>*(California ਚੋਣ ਕੋਡ §19209)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਚੋਣ ਪ੍ਰਸ਼ਾਸਨ ਯੋਜਨਾ (EAP) | ਕਾਉਂਟੀ ਚੋਣ ਅਧਿਕਾਰੀ ਦੁਆਰਾ ਪ੍ਰਸਤਾਵਿਤ, ਵੋਟਰ ਪਸੰਦ ਅਧਿਨਿਯਮ (VCA) ਦੇ ਅਧੀਨ ਚੋਣਾਂ ਆਯੋਜਿਤ ਕਰਨ ਬਾਰੇ ਵਿਸਤ੍ਰਿਤ ਯੋਜਨਾ। ਯੋਜਨਾ ਵਿੱਚ ਕਈ ਤਰ੍ਹਾਂ ਦੀਆਂ ਵਿਚਾਰਸ਼ੀਲਤਾਵਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਬੌਕਸ ਦੇ ਸਥਾਨਾਂ ਦੀ ਚੋਣ, ਵਿੱਤੀ ਪ੍ਰਭਾਵ ਅਤੇ ਜਨਤਾ ਤੱਕ ਪਹੁੰਚ ਦੀਆਂ ਯੋਜਨਾਵਾਂ। ਭਾਈਚਾਰੇ ਦੀ ਰਾਇ ਦੇ ਨਾਲ ਇੱਕ *ਮਸੌਦਾ* ਯੋਜਨਾ ਲਿਖੀ ਜਾਂਦੀ ਹੈ ਅਤੇ ਇੱਕ ਜਨਤਕ ਸੁਣਵਾਈ ਪ੍ਰਕਿਰਿਆ ਦੁਆਰਾ ਇਸਦਾ ਨਿਰੀਖਣ ਕੀਤਾ ਜਾਂਦਾ ਹੈ। ਮਸੌਦਾ ਯੋਜਨਾ 'ਤੇ ਜਨਤਕ ਸੁਣਵਾਈ ਹੋਣ ਤੋਂ ਬਾਅਦ ਇੱਕ *ਸੋਧੀ* ਗਈ ਮਸੌਦਾ ਯੋਜਨਾ ਨੂੰ ਜਨਤਕ ਟਿੱਪਣੀ ਲਈ ਪੋਸਟ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਯੋਜਨਾ ਨੂੰ *ਅੰਤਮ ਰੂਪ* ਵਿੱਚ ਅਪਣਾਇਆ ਜਾ ਸਕਦਾ ਹੈ। ਅੰਤਮ ਯੋਜਨਾ ਜਿਸ ਨੂੰ ਤਬਦੀਲੀ ਕਰਕੇ ਜਨਤਕ ਟਿੱਪਣੀਆਂ ਲਈ ਜਾਰੀ ਕੀਤਾ ਜਾਂਦਾ ਹੈ ਇੱਕ *ਸੋਧੀ ਗਈ ਅੰਤਮ* ਯੋਜਨਾ ਹੁੰਦੀ ਹੈ। ਚੋਣ ਆਯੋਜਿਤ ਕਰਵਾਉਣ ਲਈ ਵਰਤੀ ਜਾਂਦੀ ਅੰਤਮ ਚੋਣ ਪ੍ਰਸ਼ਾਸਨ ਯੋਜਨਾ (EAP) ਦੀ ਸਮੀਖਿਆ ਕੀਤੀ ਜਾਂਦੀ ਹੈ, ਅਤੇ ਸੰਭਾਵੀ ਤੌਰ 'ਤੇ, ਵਰਤੋਂ ਦੇ ਦੋ ਸਾਲਾਂ ਦੇ ਅੰਦਰ, ਅਤੇ ਉਸ ਤੋਂ ਬਾਅਦ ਹਰ ਚਾਰ ਸਾਲਾਂ ਬਾਅਦ, ਸੋਧ ਕੀਤੀ ਜਾਂਦੀ ਹੈ। EAP ਦਾ ਵੋਟਰ ਸਿੱਖਿਆ ਅਤੇ ਆਊਟਰੀਚ ਹਿੱਸਾ ਪ੍ਰਵਾਨਗੀ ਲਈ ਸੈਕ੍ਰੇਟਰੀ ਔਫ਼ ਸਟੇਟ ਕੋਲ ਜਮ੍ਹਾਂ ਕੀਤਾ ਜਾਂਦਾ ਹੈ। ਯੋਜਨਾਵਾਂ ਦਾ ਅਨੁਵਾਦ ਕੀਤਾ ਜਾਂਦਾ ਹੈ ਅਤੇ ਇਹ ਕਾਉਂਟੀ ਚੋਣ ਅਧਿਕਾਰੀ ਦੀ ਵੈੱਬਸਾਈਟ 'ਤੇ ਉਪਲਬਧ ਹੁੰਦੀਆਂ ਹਨ।<br>*(California ਚੋਣ ਕੋਡ §§4000 - 4108)* |
| ਚੋਣ ਸਾਈਕਲ | "ਚੋਣ ਸਾਈਕਲ" ਤੋਂ ਭਾਵ ਹੈ, ਇਸਦੀ ਵਰਤੋਂ ਦੇ ਪ੍ਰਸੰਗ 'ਤੇ ਨਿਰਭਰ ਕਰਦੇ ਹੋਏ, ਦੋ ਵੱਖ-ਵੱਖ ਚੀਜ਼ਾਂ ਵਿੱਚੋਂ ਇੱਕ।<br>1. "ਚੋਣ ਸਾਈਕਲ" ਦਾ ਮਤਲਬ ਹੈ, ਸਰਕਾਰੀ ਕੋਡ §§ 85309 ਜਾਂ 85500 ਦੇ ਅਨੁਸਾਰ, ਔਨਲਾਈਨ ਜਾਂ ਇਲੈਕਟ੍ਰੋਨਿਕ ਤੌਰ 'ਤੇ, $1,000 ਜਾਂ ਵੱਧ ਦੇ ਯੋਗਦਾਨਾਂ ਜਾਂ ਸੁਤੰਤਰ ਖਰਚਿਆਂ ਦੀ ਰਿਪੋਰਟ ਕਰਨ ਦੇ ਉਦੇਸ਼ਾਂ ਲਈ, ਚੋਣਾਂ ਤੋਂ 90 ਦਿਨ ਪਹਿਲਾਂ ਸ਼ੁਰੂ ਹੋਣ ਵਾਲੀ ਅਤੇ ਚੋਣ ਦੀ ਮਿਤੀ ਨੂੰ ਖ਼ਤਮ ਹੋਣ ਵਾਲੀ ਸਮਾਂ ਮਿਆਦ। (ਸਰਕਾਰੀ ਕੋਡ ਭਾਗ 85204)।<br>2. "ਚੋਣ ਸਾਈਕਲ" ਦਾ ਅਰਥ ਹੈ Cal-Access ਉੱਤੇ ਪ੍ਰਚਾਰ ਦੇ ਯੋਗਦਾਨਾਂ ਅਤੇ ਖਰਚਿਆਂ ਨੂੰ ਵੇਖਣ ਦੇ ਮਕਸਦ ਨਾਲ, ਇੱਕ ਟਾਂਕ ਸਾਲ ਦੀ 1 ਜਨਵਰੀ ਤੋਂ ਸ਼ੁਰੂ ਹੋਣ ਵਾਲੀ ਮਿਆਦ। |

## ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਚੋਣ ਅਧਿਕਾਰੀ | ਪ੍ਰਿਸਿੰਕਟ ਬੋਰਡ ਦਾ ਮੈਂਬਰ, ਰਾਜ ਦਾ ਵੋਟਰ ਹੋਵੇਗਾ, ਅੰਗ੍ਰੇਜ਼ੀ ਭਾਸ਼ਾ ਨੂੰ ਪੜ੍ਹ ਅਤੇ ਲਿਖ ਸਕੇਗਾ, ਅਤੇ ਜਿਸ ਨੂੰ ਪੋਲਿੰਗ ਸਥਾਨ ਜਾਂ ਵੋਟ ਕੇਂਦਰ ਵਿਖੇ ਸੇਵਾ ਦੇਣ ਲਈ ਵੋਟਰਾਂ ਦੇ ਰਜਿਸਟਰਾਰ (ROV) ਦੁਆਰਾ ਲਾਜ਼ਮੀ ਤੌਰ 'ਤੇ ਸਿਖਲਾਈ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ। ਪਹਿਲਾਂ ਪੋਲ ਵਰਕਰ ਵਜੋਂ ਜਾਣੇ ਜਾਂਦੇ, ਚੋਣ ਅਧਿਕਾਰੀ ਵੱਖ-ਵੱਖ ਡਿਊਟੀਆਂ ਦੇ ਨਾਲ ਕਲੱਰਕ ਜਾਂ ਇੰਸਪੈਕਟਰ ਦੇ ਤੌਰ 'ਤੇ ਨਿਯੁਕਤ ਕੀਤੇ ਜਾ ਸਕਦੇ ਹਨ। ਚੋਣ ਅਧਿਕਾਰੀ ਵੋਟ ਕੇਂਦਰਾਂ 'ਤੇ ਵੋਟਰਾਂ ਦੀ ਸਹਾਇਤਾ ਕਰਦੇ ਹਨ, ਯੋਗਤਾ ਦੀ ਪੁਸ਼ਟੀ ਕਰਦੇ ਹਨ, ਅਧਿਕਾਰਤ ਬੈਲਟ (ਵੋਟ-ਪਰਚੀਆਂ) ਜਾਰੀ ਕਰਦੇ ਹਨ ਅਤੇ ਹੋਰ ਡਿਊਟੀਆਂ ਪੂਰੀਆਂ ਕਰਦੇ ਹਨ।<br>*(ਚੋਣ ਕੋਡ ਦੁਆਰਾ ਚੋਣ ਬੋਰਡਾਂ ਵਜੋਂ ਜਾਣਿਆ ਜਾਂਦਾ ਹੈ)* |
| ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ (EIMS) | Santa Clara ਕਾਉਂਟੀ ਦਾ ਚੋਣ ਜਾਣਕਾਰੀ ਡੇਟਾਬੇਸ। |
| ਇਲੈਕਟ੍ਰੋਨਿਕ ਪੋਲਬੁੱਕ (ਈ-ਪੋਲਬੁੱਕ) | ਰਜਿਸਟਰਡ ਵੋਟਰਾਂ ਦੀ ਇਲੈਕਟ੍ਰੋਨਿਕ ਸੂਚੀ ਵਾਲੀ ਇੱਕ ਪ੍ਰਣਾਲੀ ਜਿਸ ਨੂੰ ਕਿਸੇ ਵੋਟ ਕੇਂਦਰ ਵਿੱਚ ਲਿਜਾਇਆ ਜਾ ਸਕਦਾ ਹੈ ਅਤੇ ਵਰਤਿਆ ਜਾ ਸਕਦਾ ਹੈ। ਇਹ ਰਜਿਸਟਰਡ ਵੋਟਰਾਂ ਦੀ ਅਧਿਕਾਰਤ ਸੂਚੀ ਹੈ ਜੋ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਹੁੰਦੇ ਹਨ; ਇਸਦੀ ਵਰਤੋਂ ਕਿਸੇ ਵੋਟਰ ਦੁਆਰਾ ਬੈਲਟ ਪ੍ਰਾਪਤ ਕਰਨ ਦੀ ਯੋਗਤਾ ਦੀ ਪੁਸ਼ਟੀ ਕਰਨ ਅਤੇ ਦੂਹਰੀ ਵੋਟਿੰਗ ਨੂੰ ਰੋਕਣ ਲਈ ਅਸਲ ਸਮੇਂ ਵਿੱਚ ਵੋਟਰ ਇਤਿਹਾਸ ਨੂੰ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਲੈਕਟ੍ਰੋਨਿਕ ਪੋਲਬੁੱਕ ਨੂੰ ਕਿਸੇ ਵੋਟਿੰਗ ਪ੍ਰਣਾਲੀ ਨਾਲ ਜੋੜਿਆ ਨਹੀਂ ਜਾ ਸਕਦਾ ਹੈ ਅਤੇ ਨਿਰੰਤਰ ਕਾਰਜਾਂ ਲਈ ਇਹਨਾਂ ਵਿੱਚ ਬੈਕਅੱਪ ਪਾਵਰ ਦਾ ਹੋਣਾ ਲਾਜ਼ਮੀ ਹੈ।<br>1. ਕਿਸੇ ਇਲੈਕਟ੍ਰੋਨਿਕ ਪੋਲਬੁੱਕ ਵਿੱਚ, ਘੱਟੋ-ਘੱਟ, ਹੇਠਾਂ ਦਿੱਤਾ ਸਾਰਾ ਵੋਟਰ ਰਜਿਸਟ੍ਰੇਸ਼ਨ ਡੇਟਾ ਹੋਵੇਗਾ: ਨਾਮ, ਪਤਾ, ਜ਼ਿਲ੍ਹਾ/ਪ੍ਰਿਸਿੰਕਟ, ਪਾਰਟੀ ਦੀ ਤਰਜੀਹ, ਵੋਟਰ ਦਾ ਦਰਜਾ, ਵੋਟਰ ਨੂੰ ਡਾਕ-ਰਾਹੀਂ-ਵੋਟ ਬੈਲਟ ਜਾਰੀ ਕੀਤੀ ਗਈ ਹੈ ਜਾਂ ਨਹੀਂ, ਵੋਟ ਅਧਿਕਾਰੀ ਦੁਆਰਾ ਡਾਕ-ਰਾਹੀਂ-ਵੋਟ ਬੈਲਟ ਨੂੰ ਸਵੀਕਾਰ ਕੀਤੇ ਗਏ ਵਜੋਂ ਦਰਜ ਕੀਤਾ ਗਿਆ ਹੈ ਜਾਂ ਨਹੀਂ, ਅਤੇ, ਵੋਟਰ ਦੀ ਪਛਾਣ ਦੀ ਪੁਸ਼ਟੀ ਕੀਤੀ ਜਾਣੀ ਚਾਹੀਦੀ ਹੈ ਜਾਂ ਨਹੀਂ (ਸਿਰਫ ਫੈਡਰਲ ਚੋਣਾਂ ਵਿੱਚ ਪਹਿਲੀ ਵਾਰ ਦੇ ਵੋਟਰ)।<br>2. ਕਿਸੇ ਇਲੈਕਟ੍ਰੋਨਿਕ ਪੋਲਬੁੱਕ ਵਿੱਚ ਹੇਠਾਂ ਦਿੱਤਾ ਵੋਟਰ ਰਜਿਸਟ੍ਰੇਸ਼ਨ ਡੇਟਾ ਸ਼ਾਮਲ ਨਹੀਂ ਹੋਵੇਗਾ: ਡਰਾਈਵਰ ਲਾਇਸੈਂਸ ਨੰਬਰ, ਜਾਂ ਸੋਸ਼ਲ ਸਿਕਉਰਿਟੀ ਨੰਬਰ ਦਾ ਕੋਈ ਹਵਾਲਾ।<br>*(California ਚੋਣ ਕੋਡ §2183)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਐਮਰਜੈਂਸੀ ਬੈਲਟ ਡਿਲਿਵਰੀ | ਇਸ ਕਿਸਮ ਦੀ ਸੇਵਾ ਮੁੱਖ ਤੌਰ 'ਤੇ ਕਿਸੇ ਵੋਟਰ ਨੂੰ ਵੋਟ ਪਾਉਣ ਦੀ ਆਗਿਆ ਦੇਣ ਲਈ ਉਪਲਬਧ ਹੈ ਜੇ ਉਹ ਕਿਸੇ ਮੈਡੀਕਲ ਐਮਰਜੈਂਸੀ ਜਿਵੇਂ ਕਿ ਅਣਕਿਆਸੀ ਬਿਮਾਰੀ, ਕਿਸੇ ਡਾਕਟਰੀ ਸਹੂਲਤ ਦੀ ਹੱਦ ਤੱਕ ਮਹਿਦੂਦ, ਅਸਮਰਥਤਾਵਾਂ, ਜਾਂ ਦੁਰਘਟਨਾਵਾਂ ਦੇ ਨਤੀਜੇ ਵਜੋਂ ਸੱਟ ਕਰਕੇ ਸਰੀਰਕ ਤੌਰ 'ਤੇ ਅਜਿਹਾ ਕਰਨ ਵਿੱਚ ਅਸਮਰਥ ਹਨ। California ਉਹਨਾਂ 38 ਰਾਜਾਂ ਵਿੱਚੋਂ ਇੱਕ ਹੈ ਜੋ ਐਮਰਜੈਂਸੀ ਬੈਲਟ ਡਿਲਿਵਰੀ ਸਿਸਟਮ ਮੁਹੱਈਆ ਕਰਦੇ ਹਨ। |
| ਪ੍ਰਤੀਕ੍ਰਿਤੀ ਬੈਲਟ | ਅਜਿਹੇ ਫਾਰਮੈਟਾਂ ਵਿੱਚ ਉਪਲਬਧ ਕਰਾਈ ਇੱਕ ਛਪੀ ਹੋਈ ਬੈਲਟ ਦੀ ਇੱਕ ਕਾਪੀ ਜਿਸਦੀ ਕੋਈ ਵੋਟਰ ਵਰਤੋਂ ਲਈ ਬੇਨਤੀ ਕਰ ਸਕਦਾ ਹੈ, ਜਿਵੇਂ ਕਿ ਕਿਸੇ ਵਿਸ਼ੇਸ਼ ਭਾਸ਼ਾ ਵਿੱਚ ਅਨੁਵਾਦ ਕੀਤਾ (ਨਮੂਨਾ ਬੈਲਟ ਦੇਖੋ) ਜਾਂ ਕਮਜ਼ੋਰ ਨਜ਼ਰ ਵਾਲਿਆਂ ਲਈ ਵੱਡੇ ਅੱਖਰਾਂ ਵਿੱਚ ਛਾਪਿਆ ਗਿਆ ਬੈਲਟ। ਵੋਟਰ ਡਾਕ ਦੁਆਰਾ ਇੱਕ ਪ੍ਰਤੀਕ੍ਰਿਤੀ ਬੈਲਟ ਪ੍ਰਾਪਤ ਕਰਨ ਲਈ ਬੇਨਤੀ ਕਰ ਸਕਦੇ ਹਨ। ਪ੍ਰਤੀਕ੍ਰਿਤੀ ਬੈਲਟ ਕੋਈ ਅਧਿਕਾਰਤ ਬੈਲਟ ਨਹੀਂ ਹੁੰਦੀ ਹੈ ਅਤੇ ਇਸ ਨੂੰ ਵੋਟਿੰਗ ਪ੍ਰਣਾਲੀ ਦੁਆਰਾ ਵਰਤਿਆ ਨਹੀਂ ਜਾ ਸਕਦਾ ਹੈ। ਵੋਟਰ ਪ੍ਰਤੀਕ੍ਰਿਤੀ ਬੈਲਟ ਨੂੰ ਆਪਣੀ ਅਧਿਕਾਰਤ ਬੈਲਟ ਨੂੰ ਭਰਨ ਲਈ ਸਹਾਇਤਾ ਦੇ ਤੌਰ 'ਤੇ ਵਰਤ ਸਕਦੇ ਹਨ। |
| ਹੈਲਪ ਅਮਰੀਕਾ ਵੋਟ ਅਧਿਨਿਯਮ (HAVA) | 2002 ਵਿੱਚ ਕਾਂਗਰਸ ਦੁਆਰਾ ਦੇਸ਼ ਦੀ ਵੋਟ ਪ੍ਰਕਿਰਿਆਵਾਂ ਦੇ ਆਧੁਨਿਕੀਕਰਨ ਅਤੇ ਸੁਧਾਰ ਵਿੱਚ ਮਦਦ ਕਰਨ ਲਈ ਪਾਸ ਕੀਤਾ ਗਿਆ, ਹੈਲਪ ਅਮਰੀਕਾ ਵੋਟ ਅਧਿਨਿਯਮ (HAVA) ਰਾਜਾਂ ਲਈ ਚੋਣ ਪ੍ਰਸ਼ਾਸਨ ਦੇ ਕਈ ਪ੍ਰਮੁੱਖ ਖੇਤਰਾਂ ਦੀ ਪਾਲਣਾ ਕਰਨ ਲਈ ਨਵੇਂ ਲਾਜ਼ਮੀ ਘੱਟੋ-ਘੱਟ ਮਿਆਰ ਤਿਆਰ ਕਰਦਾ ਹੈ। ਕਾਨੂੰਨ ਇਹਨਾਂ ਨਵੇਂ ਮਿਆਰਾਂ ਨੂੰ ਪੂਰਾ ਕਰਨ, ਵੋਟਿੰਗ ਪ੍ਰਣਾਲੀਆਂ ਨੂੰ ਬਦਲਣ ਅਤੇ ਚੋਣ ਪ੍ਰਸ਼ਾਸਨ ਨੂੰ ਸੁਧਾਰਨ ਵਿੱਚ ਰਾਜਾਂ ਦੀ ਮਦਦ ਕਰਨ ਲਈ ਫੰਡ ਮੁਹੱਈਆ ਕਰਦਾ ਹੈ। HAVA ਦੇ ਅਨੁਸਾਰ ਲੋੜੀਂਦੀ ਹੈ ਕਿ ਰਾਜ ਹੇਠ ਲਿਖੇ ਪ੍ਰੋਗਰਾਮਾਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਕਰਨ:<br>1. ਆਰਜ਼ੀ ਵੋਟਿੰਗ<br>2. ਵੋਟ ਪਾਉਣ ਬਾਰੇ ਜਾਣਕਾਰੀ<br>3. ਅੱਪਡੇਟ ਕੀਤਾ ਅਤੇ ਅੱਪਗ੍ਰੇਡ ਕੀਤਾ ਵੋਟਿੰਗ ਉਪਕਰਨ<br>4. ਰਾਜ ਵਿਆਪੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ<br>5. ਵੋਟਰ ਪਛਾਣ ਪ੍ਰਕਿਰਿਆਵਾਂ<br>6. ਪ੍ਰਸ਼ਾਸਕੀ ਸ਼ਿਕਾਇਤ ਪ੍ਰਕਿਰਿਆਵਾਂ |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਗੈਰ-ਕਿਰਿਆਸ਼ੀਲ ਵੋਟਰ | ਕਿਸੇ ਵੋਟਰ ਨੂੰ ਗੈਰ-ਕਿਰਿਆਸ਼ੀਲ ਮੰਨਿਆ ਜਾ ਸਕਦਾ ਹੈ ਜੇ ਕਾਉਂਟੀ ਨੂੰ ਇਹ ਪ੍ਰਾਪਤ ਹੋਇਆ ਹੈ: ਉਸੇ ਕਾਉਂਟੀ ਦੇ ਅੰਦਰ ਕਿਸੇ ਅੱਗੇ ਭੇਜਣ ਲਈ ਪਤੇ ਤੋਂ ਬਿਨਾਂ ਵਾਪਸ ਕੀਤੀ ਰਿਹਾਇਸ਼ ਦੀ ਪੁਸ਼ਟੀ ਚਿੱਠੀ, ਜਾਂ, ਯੂਨਾਇਟੇਡ ਸਟੇਟਸ ਡਾਕ ਸੇਵਾ ਦੇ ਰਾਸ਼ਟਰੀ ਪਤਾ ਬਦਲੀ (NCOA) ਡੇਟਾਬੇਸ ਰਾਹੀਂ ਪ੍ਰਾਪਤ ਹੋਈ ਇਸ ਦਰਸਾਉਂਦੀ ਜਾਣਕਾਰੀ ਕਿ ਵੋਟਰ ਕਾਉਂਟੀ ਤੋਂ ਬਾਹਰ ਚਲਾ ਗਿਆ ਹੈ। ਇਹ ਵੋਟਰ ਵੋਟਰਾਂ ਦੇ ਰੋਸਟਰ 'ਤੇ ਦਿਖਾਈ ਦੇਵੇਗਾ ਪਰ ਵੋਟ ਪਾਉਣ ਸੰਬੰਧੀ ਕੋਈ ਸਮੱਗਰੀ ਪ੍ਰਾਪਤ ਨਹੀਂ ਕਰੇਗਾ। ਅੱਗੇ, ਜਿਹੜੇ ਗੈਰ-ਕਿਰਿਆਸ਼ੀਲ ਵੋਟਰ ਲਗਾਤਾਰ ਦੋ ਸੰਘੀ ਆਮ ਚੋਣਾਂ ਵਿੱਚ ਵੋਟ ਨਹੀਂ ਪਾਉਂਦੇ, ਉਹਨਾਂ ਨੂੰ ਰੱਦ ਕੀਤਾ ਜਾ ਸਕਦਾ ਹੈ। ਕੋਈ ਗੈਰ-ਕਿਰਿਆਸ਼ੀਲ ਵੋਟਰ ਪਤਾ ਪੁਸ਼ਟੀਕਰਨ ਕਾਰਡ ਦੇ ਜਵਾਬ 'ਤੇ, ਉਸੇ ਪਤੇ ਨੂੰ ਦਰਸਾਉਂਦੇ ਇੱਕ ਪਟੀਸ਼ਨ 'ਤੇ ਦਸਤਖ਼ਤ ਕਰਕੇ, ਜਾਂ ਇੱਕ ਨਵੀਂ ਵੋਟਰ ਰਜਿਸਟ੍ਰੇਸ਼ਨ ਅਰਜ਼ੀ ਨੂੰ ਪੂਰਾ ਕਰਕੇ ਵੋਟ ਪਾਉਣ ਦੇ ਯੋਗ ਬਣ ਜਾਂਦਾ ਹੈ। |
| ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) | ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਗਠਨ ਵੋਟਰਾਂ ਦੇ ਰਜਿਸਟਰਾਰ (ROV) ਨੂੰ ਅੰਗਰੇਜ਼ੀ ਵਿੱਚ ਸੀਮਤ ਨਿਪੁੰਨਤਾ ਵਾਲੇ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤਕ ਪਹੁੰਚ ਨਾਲ ਜੁੜੇ ਮਾਮਲਿਆਂ ਬਾਰੇ ਸਲਾਹ ਦੇਣ ਲਈ ਕੀਤਾ ਗਿਆ ਸੀ। ਕਮੇਟੀ ਵਿੱਚ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇਗਾ ਜਿਸ ਨੇ ਭਾਸ਼ਾ ਦੀ ਪਹੁੰਚਯੋਗਤਾ ਦਾ ਤਜਰਬਾ ਦਰਸਾਇਆ ਹੋਵੇਗਾ, ਜਿਸ ਨੂੰ ਸਾਧਾਰਨ ਭਾਸ਼ਾ ਦੇ ਢੰਗਾਂ, ਜਾਂ ਕਿਸੇ ਅਜਿਹੇ ਢੰਗ ਜੋ ਵੋਟਰਾਂ ਲਈ ਪਹੁੰਚ ਕਰਨਾ ਅਤੇ ਸਮਝਣਾ ਅਸਾਨ ਹੋਵੇ, ਦੀ ਵਰਤੋਂ ਕਰਦਿਆਂ ਵੋਟਰਾਂ ਨੂੰ ਚੋਣ ਸਮੱਗਰੀ ਪੇਸ਼ ਕਰਨ ਦਾ ਗਿਆਨ ਹੋਵੇਗਾ, ਅਤੇ/ਜਾਂ ਜੋ ਸਿਟੀ ਦਾ ਚੋਣ ਅਧਿਕਾਰੀ ਜਾਂ ਉਸਦਾ ਨੁਮਾਇੰਦਾ ਹੋਵੇਗਾ। ROV ਕਮੇਟੀ ਨਾਲ ਸਲਾਹ-ਮਸ਼ਵਰਾ ਕਰੇਗਾ ਅਤੇ ਇਸ ਦੀਆਂ ਸਿਫਾਰਸ਼ਾਂ ਉਪਰ ਵਿਚਾਰ ਕਰੇਗਾ, ਜੋ (ਕਮੇਟੀ) ਇਸ ਦੇ ਸਲਾਹਕਾਰ ਵਜੋਂ ਕੰਮ ਕਰੇਗੀ।<br>*(California ਚੋਣ ਕੋਡ §4005)* |
| ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਾ | ਲੋਕਾਂ ਦਾ ਸਮੂਹ ਜੋ ਕੋਈ ਅਜਿਹੀ ਭਾਸ਼ਾ ਬੋਲਦੇ ਹਨ ਜਿਸ ਵਿੱਚ ਸੰਘੀ ਵੋਟਿੰਗ ਅਧਿਕਾਰ ਅਧਿਨਿਯਮ ਦੇ ਅਧੀਨ ਸੇਵਾ ਦਿੱਤੀ ਜਾਣੀ ਚਾਹੀਦੀ ਹੈ। ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਸੰਬੰਧਿਤ ਸਮੱਗਰੀ, ਵੋਟਿੰਗ ਸਹਾਇਤਾ ਅਤੇ ਹੋਰ ਗਤੀਵਿਧੀਆਂ ਦਾ ਵੋਟਰ ਪਸੰਦ ਅਧਿਨਿਯਮ (VCA) ਨਾਲ ਸੰਬੰਧਿਤ ਕਾਨੂੰਨ ਤੋਂ ਹਵਾਲਾ ਲਿਆ ਜਾਂਦਾ ਹੈ।<br>*(ਵੋਟ ਪਾਉਣ ਦੇ ਹੱਕ ਬਾਰੇ ਅਧਿਨਿਯਮ ਦੇ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਪ੍ਰਾਵਧਾਨ)* |
| ਡਾਕ ਬੈਲਟ ਪ੍ਰਿਸਿੰਕਟ | ਪੋਲਿੰਗ ਸਥਾਨ ਮਾਡਲ ਦੇ ਅਧੀਨ, ਕੋਈ ਪ੍ਰਿਸਿੰਕਟ ਜਿਸ ਵਿੱਚ ਕਿਸੇ ਚੋਣ ਤੋਂ 88 ਦਿਨ ਪਹਿਲਾਂ, ਵੋਟ ਪਾਉਣ ਲਈ 250 ਜਾਂ ਘੱਟ ਵਿਅਕਤੀ ਰਜਿਸਟਰ ਹਨ, ਨੂੰ ਇੱਕ "ਡਾਕ ਬੈਲਟ ਪ੍ਰਿਸਿੰਕਟ" ਵਜੋਂ ਨਿਰਧਾਰਤ ਕੀਤਾ ਜਾ ਸਕਦਾ ਹੈ, ਅਤੇ ਚੋਣ ਅਧਿਕਾਰੀ ਹਰ ਵੋਟਰ ਨੂੰ ਕਿਸੇ ਅਰਜ਼ੀ ਦੀ ਲੋੜ ਦੇ ਬਿਨਾਂ ਡਾਕ-ਰਾਹੀਂ-ਵੋਟ ਬੈਲਟ ਦੇ ਸਕਦਾ ਹੈ। |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਮੁਸ਼ਕਲ ਨੂੰ ਘਟਾਉਣ ਵਾਲਾ ਉਪਕਰਨ | ਵੋਟ ਪਾਉਣ ਵਿੱਚ ਰੁਕਾਵਟਾਂ ਨੂੰ ਸੀਮਤ ਕਰਨ ਲਈ, ਵੋਟ ਪਾਉਣ ਵਾਲੇ ਸਥਾਨ ਦੀ ਪਹੁੰਚਯੋਗਤਾ ਅਤੇ ਪਹੁੰਚ ਵਿੱਚ ਸੁਧਾਰ ਕਰਨ ਲਈ ਵਰਤੀਆਂ ਜਾਂਦੀਆਂ ਸਮੱਗਰੀਆਂ ਅਤੇ ਸਪਲਾਈਆਂ। ਉਪਕਰਨ ਦੇ ਨਮੂਨੇ ਇਹ ਹੋ ਸਕਦੇ ਹਨ: ਵਾਧੂ ਜਾਂ ਅਸਥਾਈ ਰੋਸ਼ਨੀ; ਉਹਨਾਂ ਲੋਕਾਂ ਲਈ ਵਧੇਰੇ ਕੁਰਸੀਆਂ ਜੋ ਖੜ੍ਹੇ ਨਹੀਂ ਹੋ ਸਕਦੇ ਹਨ; ਯਾਤਰਾ ਦੇ ਪਹੁੰਚਯੋਗ ਰਸਤੇ ਨੂੰ ਦਰਸਾਉਂਦੇ ਸੰਕੇਤ; ਗ੍ਰੇਟਿਗ ਨੂੰ ਕਵਰ ਕਰਨ ਵਾਲੇ ਪਾੜੇ, ਰੈਂਪ ਜਾਂ ਰਬੜ ਮੈਟ ਜਾਂ ਸੁਧਾਰੇ ਗਏ ਥ੍ਰੈਸ਼ਹੋਲਡ; ਦਰਵਾਜ਼ੇ ਖੁੱਲ੍ਹੇ ਰੱਖਣ ਲਈ ਡੋਰ ਸਟੌਪਰ; ਪਹੁੰਚਯੋਗ ਪਾਰਕਿੰਗ ਦੀ ਨਿਸ਼ਾਨਦੇਹੀ ਲਈ ਸੰਤਰੀ ਕੋਨ; ਅਤੇ ਸੜਕ ਕਿਨਾਰੇ ਵੋਟਿੰਗ ਦੀ ਪੇਸ਼ਕਸ਼ ਕਰਨ ਲਈ ਇੱਕ ਸੂਚਨਾ ਪ੍ਰਣਾਲੀ। |
| ਮੋਬਾਈਲ ਵੋਟ ਕੇਂਦਰ | ਵੋਟਰਾਂ ਦੇ ਰਜਿਸਟਰਾਰ (ROV) ਦੁਆਰਾ ਚਲਾਇਆ ਜਾਂਦਾ ਇੱਕ ਮੋਬਾਈਲ ਆਪਰੇਸ਼ਨ ਜੋ ਵੋਟ ਸੈਂਟਰ ਦੇ ਹੀ ਮਿਆਰਾਂ ਨੂੰ ਪੂਰਾ ਕਰਦਾ ਹੈ, ਅਤੇ ਉਹੀ ਸੇਵਾਵਾਂ ਮੁਹੱਈਆ ਕਰਦਾ ਹੈ। |
| ਰਾਸ਼ਟਰੀ ਪਤਾ ਤਬਦੀਲੀ (NCOA) | ਜਾਣਕਾਰੀ ਜਾਂ ਡੇਟਾ ਜਿਸ ਵਿੱਚ ਉਹਨਾਂ ਵਿਅਕਤੀਆਂ ਅਤੇ ਪਰਿਵਾਰਾਂ ਦੇ ਨਾਮ ਅਤੇ ਪਤੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੇ ਯੂਨਾਇਟੇਡ ਸਟੇਟਸ ਡਾਕ ਸੇਵਾ ਵਿੱਚ ਪਤੇ ਦੀ ਤਬਦੀਲੀ ਦਾਇਰ ਕੀਤੀ ਹੈ।<br>*(California ਚੋਣ ਕੋਡ §2222)* |
| *ਔਪਟਿਕਲ ਸਕੈਨਰ* | *ਪੁਰਾਣੀ* ਵੋਟਿੰਗ ਮਸ਼ੀਨ।<br>ਇੱਕ ਕਾਗਜ਼-ਅਧਾਰਤ ਵੋਟਿੰਗ ਮਸ਼ੀਨ ਜਿਹੜੀ ਬੈਲਟ ਪਾਉਣ 'ਤੇ ਤੁਹਾਡੇ ਦੁਆਰਾ ਕਾਗਜ਼ੀ ਬੈਲਟ 'ਤੇ ਬਣਾਏ ਗਏ ਨਿਸ਼ਾਨਾਂ ਦਾ ਔਪਟਿਕਲ ਸਕੈਨ ਕਰਦੀ ਹੈ ਅਤੇ ਇਲੈਕਟ੍ਰੋਨਿਕ ਤੌਰ 'ਤੇ ਵੋਟਾਂ ਦੀ ਗਿਣਤੀ ਕਰਦੀ ਹੈ। |
| *ਪੋਲ ਵਰਕਰ* | *ਪੁਰਾਣੀ ਸ਼ਬਦਾਵਲੀ।*<br>ਚੋਣ ਅਧਿਕਾਰੀ ਦੇਖੋ |
| *ਪੋਲਿੰਗ ਸਥਾਨ ਮਾਡਲ* | *ਜਿਸ ਤੋਂ ਮੌਜੂਦਾ ਮਾਡਲ ROV ਤਬਦੀਲ ਹੋ ਰਿਹਾ ਹੈ।*<br>ਸ਼ਬਦ California ਚੋਣ ਕੋਡ ਦੇ ਆਮ ਪ੍ਰਾਵਧਾਨਾਂ ਅਧੀਨ ਆਯੋਜਿਤ ਚੋਣਾਂ ਦੇ ਢੰਗ ਅਤੇ ਪ੍ਰਬੰਧਨ ਦਾ ਹਵਾਲਾ ਦਿੰਦਾ ਹੈ। ਮੁੱਖ ਤੌਰ 'ਤੇ 1,000 ਤੱਕ ਵੋਟਰਾਂ ਵਾਲੇ ਪ੍ਰਿਸਿੰਕਟਾਂ ਨੂੰ ਸੌਂਪੇ ਗਏ ਅਤੇ ਉਹਨਾਂ ਲਈ ਵਿਸ਼ੇਸ਼ "ਆਂਢ-ਗੁਆਂਢ ਅਧਾਰਤ" ਪੋਲਿੰਗ ਸਥਾਨਾਂ ਦੀ ਵਰਤੋਂ ਕਰਦਾ ਹੈ ਜਿਸ ਨੂੰ ਡਾਕ ਵਿੱਚ ਬੈਲਟ ਪ੍ਰਾਪਤ ਕਰਨ ਦੀ ਬੇਨਤੀ ਕਰਨ ਵਾਲੇ ਵੋਟਰਾਂ ਲਈ ਡਾਕ ਰਾਹੀਂ ਵੋਟ ਦੁਆਰਾ ਪੂਰਕ ਸਹਾਇਤਾ ਮਿਲਦੀ ਹੈ। |
| ਸਕਾਰਾਤਮਕ ਕਾਰਵਾਈ | ਇੱਕ ਪ੍ਰਕਿਰਿਆ ਜਿਸ ਵਿੱਚ ਵੋਟਰ ਨੂੰ ਗੈਰ-ਕਿਰਿਆਸ਼ੀਲ ਜਾਂ ਰੱਦ ਕੀਤੀ ਫ਼ਾਈਲ ਵਿੱਚ ਜਾਣ ਤੋਂ ਰੋਕਣ ਲਈ ਕੋਈ ਕਾਰਵਾਈ ਕਰਨ ਦੀ ਲੋੜ ਹੁੰਦੀ ਹੈ, ਜਿਵੇਂ ਕਿ ਇੱਕ ਕਿਰਿਆਸ਼ੀਲ ਵੋਟਰ ਬਣੇ ਰਹਿਣ ਦੀ ਇੱਛਾ ਦਰਸਾਉਂਦਾ ਇੱਕ ਪੋਸਟਕਾਰਡ ਵਾਪਸ ਭੇਜਣਾ।<br>*(California ਚੋਣ ਕੋਡ §§2220 ਅਤੇ 2191)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਪ੍ਰਿਸਿੰਕਟ (ਖੇਤਰ) | ਕਿਸੇ ਕਾਉਂਟੀ ਜਾਂ ਰਾਜਨੀਤਿਕ ਅਧਿਕਾਰ ਖੇਤਰ ਦੇ ਅੰਦਰ ਇੱਕ ਭੂਗੋਲਿਕ ਖੇਤਰ ਜੋ ਵੋਟਰਾਂ ਤੋਂ ਬਣਦਾ ਹੈ ਅਤੇ California ਚੋਣ ਕੋਡ ਦੀ ਡਿਵੀਜ਼ਨ 12 ਦੇ ਚੈਪਟਰ 3 (§ 12200 ਦੇ ਨਾਲ ਸ਼ੁਰੂ ਕਰਦੇ ਹੋਏ) ਦੇ ਅਨੁਸਾਰ ਬਣਾਇਆ ਜਾਂਦਾ ਹੈ। "ਪੋਲਿੰਗ ਸਥਾਨ ਮਾਡਲ" ਚੋਣ ਵਿੱਚ, ਉਸੇ ਪ੍ਰਿਸਿੰਕਟ ਦੇ ਸਾਰੇ ਵੋਟਰਾਂ ਨੂੰ ਇੱਕੋ ਪੋਲਿੰਗ ਸਥਾਨ ਦਿੱਤਾ ਜਾਂਦਾ ਹੈ। "ਵੋਟ ਸੈਂਟਰ ਮਾਡਲ" ਚੋਣ ਵਿੱਚ, ਕਾਉਂਟੀ ਦੇ ਅੰਦਰ ਕਿਸੇ ਵੀ ਪ੍ਰਿਸਿੰਕਟ ਤੋਂ ਵੋਟਰ ਕਾਉਂਟੀ ਦੇ ਅੰਦਰ ਕਿਸੇ ਵੀ ਵੋਟ ਕੇਂਦਰ 'ਤੇ ਵੋਟ ਪਾ ਸਕਦੇ ਹਨ। ROV ਇਸ ਸਮੇਂ ਇੱਕ "ਪੋਲਿੰਗ ਸਥਾਨ ਮਾਡਲ" ਤੋਂ "ਵੋਟ ਸੈਂਟਰ ਮਾਡਲ" ਵਿੱਚ ਤਬਦੀਲ ਹੋ ਰਿਹਾ ਹੈ। |
| ਪ੍ਰਿਸਿੰਕਟ ਬੋਰਡ | California ਚੋਣ ਕੋਡ ਦੁਆਰਾ ਵਰਤੀ ਜਾਂਦੀ ਖਾਸ ਸ਼ਬਦਾਵਲੀ। Santa Clara ਕਾਉਂਟੀ ਲਈ, ਕਿਸੇ ਵੀ ਚੋਣ ਵਿੱਚ ਹਰੇਕ ਖੇਤਰ ਲਈ ਚੋਣ ਅਧਿਕਾਰੀ ਵਜੋਂ ਸੇਵਾ ਦੇਣ ਲਈ ਨਿਯੁਕਤ ਕੀਤੇ ਗਏ ਵਿਅਕਤੀ, ਉਸ ਪ੍ਰਿਸਿੰਕਟ ਅਤੇ ਪੋਲਿੰਗ ਸਥਾਨ ਲਈ ਪ੍ਰਿਸਿੰਕਟ ਬੋਰਡ ਦਾ ਗਠਨ ਕਰਨਗੇ। ਉਹ ਵਿਅਕਤੀ ਜੋ ਅੰਗਰੇਜ਼ੀ ਭਾਸ਼ਾ ਪੜ੍ਹ ਜਾਂ ਲਿਖ ਨਹੀਂ ਸਕਦਾ, ਕਿਸੇ ਵੀ ਪ੍ਰਿਸਿੰਕਟ-ਬੋਰਡ ਦੇ ਮੈਂਬਰ ਵਜੋਂ ਕੰਮ ਕਰਨ ਦੇ ਯੋਗ ਨਹੀਂ ਹੁੰਦਾ ਹੈ। ਪ੍ਰਿਸਿੰਕਟ ਬੋਰਡ ਦੀ ਰਚਨਾ ਚੋਣ ਅਧਿਕਾਰੀ ਦੁਆਰਾ ਚੋਣ ਪ੍ਰਿਸਿੰਕਟ ਦੇ ਆਕਾਰ ਦੇ ਅਧਾਰ 'ਤੇ ਨਿਰਧਾਰਤ ਕੀਤੀ ਜਾਵੇਗੀ। ਪ੍ਰਿਸਿੰਕਟ ਬੋਰਡ ਵਿੱਚ ਘੱਟੋ-ਘੱਟ ਇੱਕ ਇੰਸਪੈਕਟਰ ਅਤੇ ਦੋ ਕਲੱਰਕ ਸ਼ਾਮਲ ਹੋਣਗੇ।<br>*ਚੋਣ ਅਧਿਕਾਰੀ ਨਾਲ ਮਿਲੋ।* |
| ਚੋਣ ਤੋਂ ਪਹਿਲਾਂ ਦੇ ਬਿਆਨ | ਇਹ ਬਿਆਨ ਉਹਨਾਂ ਉਮੀਦਵਾਰਾਂ ਜਾਂ ਅਹੁਦੇਦਾਰਾਂ ਤੋਂ ਲੋੜੀਂਦੇ ਹਨ ਜਿਨ੍ਹਾਂ ਕੋਲ ਨਿਯੰਤ੍ਰਿਤ ਕਮੇਟੀ ਹੈ, ਜਾਂ ਜਿਨ੍ਹਾਂ ਨੇ ਕਲੰਡਰ ਸਾਲ ਦੌਰਾਨ ਦਫ਼ਤਰ ਜਾਂ ਹੋਲਡਿੰਗ ਦਫਤਰ ਲਈ ਚੋਣ (FPPC ਫਾਰਮ 460) ਦੇ ਸੰਬੰਧ ਵਿੱਚ $2,000 ਜਾਂ ਇਸ ਤੋਂ ਵੱਧ ਇਕੱਤਰ ਜਾਂ ਖਰਚ ਕੀਤੇ ਹਨ ਜਾਂ ਇਕੱਤਰ ਜਾਂ ਖਰਚ ਕਰਨੇ ਹਨ। ਚੋਣ ਤੋਂ ਪਹਿਲਾਂ ਦੇ ਪਹਿਲੇ ਬਿਆਨਾਂ ਨੂੰ ਆਮ ਤੌਰ 'ਤੇ ਚੋਣ ਤੋਂ 40 ਦਿਨ ਪਹਿਲਾਂ ਦਾਖਲ ਕਰਨ ਦੀ ਲੋੜ ਹੁੰਦੀ ਹੈ (ਚੋਣ ਤੋਂ 45 ਦਿਨ ਪਹਿਲਾਂ ਖਤਮ ਹੋਣ ਵਾਲੀ ਮਿਆਦ ਲਈ)। ਚੋਣ ਤੋਂ ਪਹਿਲਾਂ ਦੇ ਦੂਜੇ ਬਿਆਨਾਂ ਨੂੰ ਆਮ ਤੌਰ 'ਤੇ ਚੋਣ ਤੋਂ 12 ਦਿਨ ਪਹਿਲਾਂ ਦਾਖਲ ਕਰਨ ਦੀ ਲੋੜ ਹੁੰਦੀ ਹੈ (ਚੋਣ ਤੋਂ 17 ਦਿਨ ਪਹਿਲਾਂ ਖਤਮ ਹੋਣ ਵਾਲੀ ਮਿਆਦ ਲਈ)।<br>*(California ਸਰਕਾਰੀ ਕੋਡ §§84200.5, 84200.7, ਅਤੇ 84200.8)* |
| ਆਰਜ਼ੀ ਬੈਲਟ | ਕਿਸੇ ਅਜਿਹੇ ਵੋਟਰ ਨੂੰ ਜਾਰੀ ਕੀਤੀ ਜਾਂਦੀ ਬੈਲਟ ਲਈ ਵਰਤਿਆ ਜਾਂਦਾ ਹੈ ਜਿਸਦੀ ਵੋਟ ਪਾਉਣ ਦੀ ਯੋਗਤਾ ਦਾ ਤੁਰੰਤ ਨਿਰਧਾਰਨ ਨਹੀਂ ਕੀਤਾ ਜਾ ਸਕਦਾ ਹੈ, ਜਾਂ ਉਹ ਸ਼ਰਤਬੱਧ ਵੋਟਰ ਹੈ। ਇਹ ਬੈਲਟ "ਆਰਜ਼ੀ ਤੌਰ 'ਤੇ ਮੁਕੰਮਲ ਕੀਤੀ ਜਾਂਦੀ ਹੈ, ਗੁਲਾਬੀ ਲਿਫਾਫੇ ਵਿੱਚ ਸੀਲ ਕੀਤੀ ਜਾਂਦੀ ਹੈ ਅਤੇ ਖੋਲ੍ਹਣ ਅਤੇ ਗਿਣਨ ਤੋਂ ਪਹਿਲਾਂ ਇਸਦੀ ਵੋਟਰਾਂ ਦੇ ਰਜਿਸਟਰਾਰ (ROV) ਦੇ ਦਫ਼ਤਰ ਵਿੱਚ ਪੁਸ਼ਟੀ ਕੀਤੀ ਜਾਂਦੀ ਹੈ।<br>*(California ਚੋਣ ਕੋਡ §§4005 ਅਤੇ 4310)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਜਨਤਕ ਟਿੱਪਣੀ ਦੀ ਮਿਆਦ | ਜਨਤਾ ਲਈ ਮਸੌਦੇ, ਸੋਧੇ ਗਏ ਮਸੌਦੇ, ਅੰਤਮ ਅਤੇ ਜੇ ਜ਼ਰੂਰੀ ਹੋਏ ਤਾਂ, ਸੰਸ਼ੋਧਿਤ ਅੰਤਮ ਚੋਣ ਪ੍ਰਸ਼ਾਸਨ ਯੋਜਨਾ (EAP) ਬਾਰੇ ਫੀਡਬੈਕ ਪੇਸ਼ ਕਰਨ ਲਈ ਕਾਨੂੰਨੀ ਚੌਦਾਂ ਦਿਨਾਂ ਦੀ ਸਮਾਂ-ਮਿਆਦ। |
| ਜਨਤਕ ਸਲਾਹ-ਮਸ਼ਵਰੇ ਦੀ ਮੀਟਿੰਗ | ਚੋਣ ਪ੍ਰਸ਼ਾਸਨ ਯੋਜਨਾ (EAP) ਦੀ ਸਿਰਜਣਾ ਕਰਨ ਲਈ ਜਨਤਕ ਰਾਇ ਪ੍ਰਾਪਤ ਕਰਨ ਵਾਸਤੇ ਵੋਟਰਾਂ ਦੇ ਰਜਿਸਟਰਾਰ ਦੁਆਰਾ ਆਯੋਜਿਤ, ਕਾਨੂੰਨੀ ਤੌਰ 'ਤੇ ਸੂਚਿਤ ਕੀਤੀਆਂ ਗਈਆਂ ਅਤੇ ਪ੍ਰਕਾਸ਼ਿਤ ਕੀਤੀਆਂ ਗਈਆਂ, ਖੁੱਲੀਆਂ ਮੀਟਿੰਗਾਂ। |
| ਜਨਤਕ ਸੁਣਵਾਈ | ਇੱਕ ਅਧਿਕਾਰਤ ਮੀਟਿੰਗ ਜਿੱਥੇ ਜਨਤਾ ਦੇ ਮੈਂਬਰ ਕੀਤੀ ਜਾਣ ਵਾਲੀ ਯੋਜਨਾਬੱਧ ਸਰਕਾਰੀ ਕਾਰਵਾਈ ਬਾਰੇ ਤੱਥ ਸੁਣਦੇ ਹਨ ਅਤੇ ਇਸ ਬਾਰੇ ਆਪਣੀ ਰਾਏ ਦਿੰਦੇ ਹਨ। |
| ਜਨਤਕ ਸੇਵਾ ਘੋਸ਼ਣਾ (PSA) | ਜਨਤਕ ਹਿੱਤ ਵਿੱਚ ਸੁਨੇਹਾ, ਜੋ ਕਿਸੇ ਸਮਾਜਿਕ ਮੁੱਦੇ ਬਾਰੇ ਜਾਗਰੂਕਤਾ ਨੂੰ ਵਧਾਉਣ, ਅਤੇ ਇਸ ਪ੍ਰਤੀ ਲੋਕਾਂ ਦੇ ਰਵੱਈਏ ਅਤੇ ਵਿਹਾਰ ਨੂੰ ਬਦਲਣ ਦੇ ਉਦੇਸ਼ ਨਾਲ, ਬਿਨਾਂ ਕਿਸੇ ਮੁੱਲ ਦੇ, ਫੈਲਾਇਆ ਜਾਂਦਾ ਹੈ। |
| ਵੋਟਰਾਂ ਦਾ ਰਜਿਸਟਰਾਰ (ROV) | Santa Clara ਕਾਉਂਟੀ ਵਿੱਚ ਇੱਕ ਵਿਭਾਗ ਜੋ ਵੋਟਰ ਰਜਿਸਟ੍ਰੇਸ਼ਨ ਅਤੇ ਚੋਣਾਂ ਕਰਵਾਉਣ ਲਈ ਜ਼ਿੰਮੇਵਾਰ ਹੈ। |
| ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) | ਇੱਕ ਸਿਸਟਮ, ਅਤੇ ਇਸਦਾ ਸਾਫਟਵੇਅਰ, ਜਿਸਦੀ ਵਰਤੋਂ ਕਿਸੇ ਅਸਮਰਥਤਾਵਾਂ ਵਾਲੇ ਵੋਟਰ ਜਾਂ ਕਿਸੇ ਫੌਜੀ ਜਾਂ ਵਿਦੇਸ਼ ਵਿੱਚ ਮੌਜੂਦ ਵੋਟਰ, ਜੋ ਚੋਣ ਅਧਿਕਾਰੀ ਕੋਲ ਜਮ੍ਹਾਂ ਕਰਾਉਣ ਲਈ ਕਾਗਜ਼ੀ ਵੋਟ ਦਾ ਰਿਕਾਰਡ ਛਾਪਣਗੇ, ਲਈ ਇਲੈਕਟ੍ਰੋਨਿਕ ਡਾਕ-ਰਾਹੀਂ-ਵੋਟ ਬੈਲਟ ਨੂੰ ਨਿਸ਼ਾਨ ਲਾਉਣ ਦੇ ਇੱਕੋ ਮਕਸਦ ਲਈ ਕੀਤੀ ਜਾਂਦੀ ਹੈ। ਦੂਰੋਂ ਪਹੁੰਚਯੋਗ ਡਾਕ-ਰਾਹੀਂ-ਵੋਟ ਸਿਸਟਮ ਕਿਸੇ ਵੀ ਸਮੇਂ ਕਦੇ ਵੀ ਕਿਸੇ ਵੋਟਿੰਗ ਪ੍ਰਣਾਲੀ ਨਾਲ ਜੁੜਿਆ ਨਹੀਂ ਹੁੰਦਾ ਹੈ।<br>*(California ਚੋਣ ਕੋਡ §3016.5)* |
| ਬਦਲਵੀਂ ਬੈਲਟ | ਹੇਠ ਲਿਖੀਆਂ ਸਥਿਤੀਆਂ ਵਿੱਚੋਂ ਕਿਸੇ ਵੀ ਸਥਿਤੀ ਵਿੱਚ ਦਿੱਤੀ ਗਈ ਬੈਲਟ: ਬੈਲਟ ਪ੍ਰਾਪਤ ਨਹੀਂ ਹੋਈ, ਗੁੰਮ ਗਈ, ਗਲਤੀ ਨਾਲ ਨਿਸ਼ਾਨ ਲਗਾਇਆ ਗਿਆ, ਜਾਂ ਕਿਸੇ ਵੱਖਰੀ ਭਾਸ਼ਾ ਜਾਂ ਫਾਰਮੈਟ ਵਿੱਚ ਬੇਨਤੀ ਕੀਤੀ ਗਈ। ਵੋਟਰ ਨੂੰ ਦੂਜੀ ਜਾਂ ਬਦਲਵੀਂ ਬੈਲਟ ਜਾਰੀ ਕਰਨ ਤੋਂ ਬਾਅਦ, ਦੋਹਰੀ ਵੋਟਿੰਗ ਨੂੰ ਰੋਕਣ ਲਈ, ਜਾਰੀ ਕੀਤੀ ਗਈ ਪਹਿਲੀ ਬੈਲਟ ਨੂੰ ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ (EIMS) ਵਿੱਚ ਰੱਦ ਕਰ ਦਿੱਤਾ ਜਾਂਦਾ ਹੈ।<br>*(California ਚੋਣ ਕੋਡ §4005)* |

## ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਰੋਸਟਰ ਕ੍ਰਮ-ਸੂਚੀ | ਕਿਸੇ ਚੋਣ ਲਈ ਯੋਗ ਵੋਟਰਾਂ ਦੀ ਅਧਿਕਾਰਤ ਸੂਚੀ, ਜੋ ਕਾਗਜ਼ੀ ਜਾਂ ਇਲੈਕਟ੍ਰੋਨਿਕ ਰੂਪ ਵਿੱਚ ਹੋ ਸਕਦੀ ਹੈ। ਇੱਕ ਵਾਰੀ ਵੋਟਰ ਦੁਆਰਾ ਦਸਤਖ਼ਤ ਕਰਨ ਜਾਂ ਚੋਣ ਅਧਿਕਾਰੀ ਦੁਆਰਾ ਨਿਸ਼ਾਨ ਲਗਾਏ ਜਾਣ ਤੋਂ ਬਾਅਦ ਰੋਸਟਰ ਉਹਨਾਂ ਵੋਟਰਾਂ ਦਾ ਅਧਿਕਾਰਤ ਕ੍ਰਮ-ਸੂਚੀ ਬਣ ਜਾਂਦੀ ਹੈ ਜਿਨ੍ਹਾਂ ਨੇ ਚੋਣ ਵਿੱਚ ਵੋਟ ਪਾਈ ਹੈ। *ਇਹ* ਵੋਟਰ ਕ੍ਰਮ-ਸੂਚੀ ਹਾਰ ਨਹੀਂ ਹੁੰਦੀ ਹੈ।<br>*(California ਚੋਣ ਕੋਡ §14109)* |
| ਨਮੂਨਾ ਬੈਲਟ | ਹਰੇਕ ਚੋਣ ਲਈ ਤਿਆਰ ਕੀਤੀ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੇ ਅੰਦਰ ਹੁੰਦੀ ਹੈ। ਰਾਜ ਦੇ ਕਾਨੂੰਨ ਅਧੀਨ ਸ਼ਾਮਲ ਕੀਤੇ ਜਾਣ ਦੀ ਲੋੜ ਦੇ ਨਾਲ, ਨਮੂਨਾ ਬੈਲਟ ਇੱਕ ਅਧਿਕਾਰਤ ਬੈਲਟ ਦੀ ਇੱਕ ਮਹੱਤਵਪੂਰਨ ਨਕਲ ਹੁੰਦੀ ਹੈ; ਪਰ, ਨਮੂਨਾ ਬੈਲਟ ਉਸੇ ਆਕਾਰ ਦੀ ਨਹੀਂ ਹੁੰਦੀ ਅਤੇ ਨਾ ਹੀ ਇਸ ਨੂੰ ਕਿਸੇ ਅਧਿਕਾਰਤ ਬੈਲਟ ਵਾਲੇ ਕਾਗਜ਼ 'ਤੇ ਛਾਪਿਆ ਜਾਂਦਾ ਹੈ, ਅਤੇ ਇਸ ਵਿੱਚ ਵਾਧੂ ਖਾਲੀ ਥਾਂ ਹੁੰਦੀ ਹੈ, ਜਿਸ ਨਾਲ ਇਹ ਵੋਟ ਗਿਣਨ ਵਾਲੀ ਪ੍ਰਣਾਲੀ ਦੁਆਰਾ ਨਾ-ਪੜ੍ਹਨਯੋਗ ਬਣ ਜਾਂਦੀ ਹੈ। ਅਨੁਵਾਦਿਤ ਸੰਸਕਰਨ Santa Clara ਕਾਉਂਟੀ ਵਿੱਚ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਉਪਲਬਧ ਹਨ: ਸਪੈਨਿਸ਼, ਚੀਨੀ, ਟੈਗਾਲੋਗ ਅਤੇ ਵੀਅਤਨਾਮੀ।<br>*(California ਚੋਣ ਕੋਡ §13303)* |
| ਸੁਰੱਖਿਅਤ ਬੈਲਟ ਕੰਟੇਨਰ / ਟ੍ਰਾਂਸਫਰ ਡਿਵਾਈਸ | ਇੱਕ ਤਾਲਾਬੰਦ ਕੀਤਾ ਜਾ ਸਕਣ ਵਾਲਾ ਅਤੇ ਸੁਰੱਖਿਅਤ ਕੰਟੇਨਰ ਜੋ ਕਿਸੇ ਡ੍ਰੌਪ-ਬੌਕਸ ਦੇ ਅੰਦਰ ਰੱਖਿਆ ਜਾਂਦਾ ਹੈ ਜਾਂ ਇਕੱਲਾ ਕੰਟੇਨਰ ਹੁੰਦਾ ਹੈ। ਜੇ ਕਿਸੇ ਸੁਰੱਖਿਅਤ ਬੈਲਟ ਕੰਟੇਨਰ ਦੀ ਵਰਤੋਂ ਕਿਸੇ ਡ੍ਰੌਪ-ਬੌਕਸ ਦੇ ਅੰਦਰ ਕੀਤੀ ਜਾਂਦੀ ਹੈ, ਤਾਂ ਬੈਲਟ (ਵੋਟ-ਪਰਚੀਆਂ) ਸਿੱਧਾ ਉਸ ਕੰਟੇਨਰ ਵਿੱਚ ਜਮ੍ਹਾ ਕੀਤੀਆਂ ਜਾਂਦੀਆਂ ਹਨ। ਸਾਰੇ ਡ੍ਰੌਪ-ਬੌਕਸਾਂ ਲਈ ਕਿਸੇ ਸੁਰੱਖਿਅਤ ਬੈਲਟ ਕੰਟੇਨਰ ਦੀ ਲੋੜ ਨਹੀਂ ਹੁੰਦੀ ਹੈ। |
| ਸੈਮੀਫਾਈਨਲ ਅਧਿਕਾਰਤ ਨਤੀਜੇ | ਬੈਲਟ ਇਕੱਤਰ ਕਰਨ, ਉਹਨਾਂ 'ਤੇ ਪ੍ਰਕਿਰਿਆ ਕਰਨ ਅਤੇ ਮਿਲਾਨ ਕਰਨ ਦੀ ਜਨਤਕ ਪ੍ਰਕਿਰਿਆ ਅਤੇ, ਰਾਜ ਜਾਂ ਰਾਜ ਪੱਧਰੀ ਚੋਣਾਂ ਲਈ, ਚੋਣ ਦੀ ਰਾਤ ਨੂੰ ਸੈਕ੍ਰੇਟਰੀ ਔਫ਼ ਸਟੇਟ ਨੂੰ ਨਤੀਜਿਆਂ ਦੀ ਰਿਪੋਰਟ ਕਰਨਾ। ਸੈਮੀਫਾਈਨਲ ਅਧਿਕਾਰਕ ਵੋਟ ਮੰਗਣ ਵਿੱਚ ਕੁਝ, ਜਾਂ ਸਾਰੀਆਂ, ਡਾਕ-ਰਾਹੀਂ-ਵੋਟ ਬੈਲਟ ਅਤੇ ਆਰਜ਼ੀ ਬੈਲਟ ਵੋਟ ਦੇ ਕੁੱਲ ਜੋੜ ਸ਼ਾਮਲ ਹੋ ਸਕਦੇ ਹਨ। |
| ਸਟਾਫ਼ ਵਾਲਾ ਡ੍ਰੌਪ-ਬੌਕਸ | ਡ੍ਰੌਪ-ਬੌਕਸ ਜਾਂ ਸੁਰੱਖਿਅਤ ਬੈਲਟ ਕੰਟੇਨਰ ਜੋ ਅਜਿਹੀ ਜਗ੍ਹਾ 'ਤੇ ਰੱਖਿਆ ਜਾਂਦਾ ਹੈ ਜੋ ਕਿਸੇ ਲਾਈਵ ਵਿਅਕਤੀ ਦੀ ਨਜ਼ਰ ਵਿੱਚ ਹੁੰਦੀ ਹੈ ਜੋ ਡ੍ਰੌਪ-ਬੌਕਸ ਦੀ ਸਥਿਤੀ 'ਤੇ ਨਿਯੁਕਤ ਕੀਤਾ ਜਾਂਦਾ ਹੈ, ਕੋਈ ਸਿਟੀ ਜਾਂ ਕਾਉਂਟੀ ਕਰਮਚਾਰੀ ਹੁੰਦਾ ਹੈ, ਜਾਂ ਡ੍ਰੌਪ-ਬੌਕਸ ਦੀ ਨਿਗਰਾਨੀ ਕਰਨ ਦੇ ਉਦੇਸ਼ ਨਾਲ ਰੱਖਿਆ ਗਿਆ ਕੋਈ ਅਸਥਾਈ ਵਰਕਰ ਜਾਂ ਵਾਲੰਟੀਅਰ ਹੁੰਦਾ ਹੈ। ਸਟਾਫ਼ ਵਾਲਾ ਡ੍ਰੌਪ-ਬੌਕਸ ਆਮ ਤੌਰ 'ਤੇ ਦਿਨ ਦੇ 24 ਘੰਟੇ ਵਰਤੋਂ ਲਈ ਉਪਲਬਧ ਨਹੀਂ ਹੁੰਦਾ ਹੈ। |
| ਬਿਨਾਂ ਸਟਾਫ਼ ਵਾਲਾ ਡ੍ਰੌਪ-ਬੌਕਸ | ਅਜਿਹਾ ਸੁਰੱਖਿਅਤ ਡ੍ਰੌਪ-ਬੌਕਸ ਜੋ ਨਿਗਰਾਨੀ ਲਈ ਕਿਸੇ ਲਾਈਵ ਵਿਅਕਤੀ ਦੀ ਨਜ਼ਰ ਦੇ ਅੰਦਰ ਨਹੀਂ ਹੁੰਦਾ ਹੈ। |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਡਾਕ-ਰਾਹੀਂ-ਵੋਟ (VBM) | Santa Clara ਕਾਉਂਟੀ ਦੇ ਸਾਰੇ ਰਜਿਸਟਰਡ ਵੋਟਰਾਂ ਨੂੰ ਚੋਣ ਵਾਲੇ ਦਿਨ ਵੋਟ ਪਾਉਣ ਲਈ ਜਾਣ ਦੀ ਬਜਾਏ ਸਮੇਂ ਤੋਂ ਪਹਿਲਾਂ ਡਾਕ-ਰਾਹੀਂ-ਵੋਟ ਬੈਲਟ ਦੀ ਵਰਤੋਂ ਕਰਕੇ ਵੋਟ ਪਾਉਣ ਦਾ ਮੌਕਾ ਮੁਹੱਈਆ ਕਰਦੀ ਹੈ। ਜਦੋਂ ਡਾਕ-ਰਾਹੀਂ-ਵੋਟ ਬੈਲਟ ROV ਨੂੰ ਪ੍ਰਾਪਤ ਹੋ ਜਾਂਦੀਆਂ ਹਨ, ਤਾਂ ਵਾਪਸੀ ਲਿਫਾਫੇ 'ਤੇ ਦਸਤਖ਼ਤਾਂ ਨੂੰ ਸੰਬੰਧਿਤ ਵੋਟਰ ਰਜਿਸਟ੍ਰੇਸ਼ਨ ਕਾਰਡਾਂ 'ਤੇ ਦਸਤਖ਼ਤਾਂ ਨਾਲ ਮਿਲਾਇਆ ਜਾਂਦਾ ਹੈ ਤਾਂ ਪੱਕਾ ਕੀਤਾ ਜਾ ਸਕੇ ਕਿ ਇਹ ਮੇਲ ਖਾਂਦੇ ਹਨ। ਉਸ ਤੋਂ ਬਾਅਦ ਬੈਲਟ ਨੂੰ ਲਿਫਾਫੇ ਤੋਂ ਵੱਖ ਕੀਤਾ ਜਾਵੇਗਾ, ਅਤੇ ਫਿਰ ਇਸ ਨੂੰ ਟੈਲੀ ਕੀਤਾ ਜਾਵੇਗਾ।<br>*(California ਚੋਣ ਕੋਡ §4005)* |
| ਵੋਟ ਕੇਂਦਰ | ਚੋਣਾਂ ਕਰਵਾਉਣ ਲਈ ਸਥਾਪਿਤ ਇੱਕ ਸਥਾਨ, ਜੋ ਵੋਟਰਾਂ ਨੂੰ ਵੋਟ ਪਾਉਣ; ਆਪਣੀ ਡਾਕ ਬੈਲਟ ਛੱਡਣ; ਵੋਟ ਪਾਉਣ ਲਈ ਰਜਿਸਟਰ ਕਰਨ; ਜਾਂ ਇੱਕ ਆਰਜ਼ੀ, ਬਦਲਵੀਂ, ਜਾਂ ਪਹੁੰਚਯੋਗ ਬੈਲਟ ਪ੍ਰਾਪਤ ਕਰਨ ਅਤੇ ਵੋਟ ਪਾਉਣ ਲਈ ਸੇਵਾਵਾਂ ਮੁਹੱਈਆ ਕਰਦਾ ਹੈ। ਵੋਟ ਕੇਂਦਰ, ਰਵਾਇਤੀ ਪੋਲਿੰਗ ਸਥਾਨਾਂ ਨਾਲੋਂ ਵੱਡੇ ਸਥਾਨ ਹੁੰਦੇ ਹਨ, ਇੱਥੇ ਵੋਟਰਾਂ ਦੀ ਸਹਾਇਤਾ ਕਰਨ ਲਈ ਵਧੇਰੇ ਵੋਟਿੰਗ ਡਿਵਾਈਸ ਅਤੇ ਵਧੇਰੇ ਚੋਣ ਅਧਿਕਾਰੀ ਹੋਣਗੇ, ਅਤੇ ਇਹਨਾਂ ਲਈ ਉਹਨਾਂ ਹੀ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੁੰਦੀ ਹੈ ਜੋ ਪੋਲਿੰਗ ਥਾਵਾਂ 'ਤੇ ਲਾਗੂ ਹੁੰਦੇ ਹਨ। ਕਾਉਂਟੀ ਦਾ ਕੋਈ ਵੋਟਰ ਆਪਣੀ ਵੋਟ ਪਾਉਣ ਲਈ ਕਿਸੇ ਵੀ ਵੋਟ ਕੇਂਦਰ 'ਤੇ ਜਾ ਸਕਦਾ ਹੈ ।<br>*(California ਚੋਣ ਕੋਡ §§2170, 4005, ਅਤੇ 4007)* |
| ਵੋਟ ਕੇਂਦਰ ਮਾਡਲ | ਇਸ ਬਾਰੇ ਪ੍ਰਸ਼ਾਸਨਿਕ ਪ੍ਰਣਾਲੀ ਦਾ ਹਵਾਲਾ ਦੇਣ ਵਾਲਾ ਸ਼ਬਦ ਕਿ ਵੋਟਰ ਪਸੰਦ ਅਧਿਨਿਯਮ ਦੇ ਅਧੀਨ ਚੋਣਾਂ ਕਿਵੇਂ ਕਰਵਾਈਆਂ ਜਾਂਦੀਆਂ ਹਨ। ਮੁੱਖ ਤੌਰ 'ਤੇ, ਵੱਡੇ ਖੇਤਰ ਵਾਲੇ ਪੋਲਿੰਗ ਸਥਾਨਾਂ ਦੀ ਵਰਤੋਂ ਕਰਦੇ ਹੋਏ, ਸਾਰੇ ਡਾਕ-ਰਾਹੀਂ-ਵੋਟ ਚੋਣ ਦੇ ਸੁਮੇਲ ਨੂੰ ਵੋਟ ਕੇਂਦਰ ਕਿਹਾ ਜਾਂਦਾ ਹੈ।<br>*(California ਚੋਣ ਕੋਡ §14428)* |
| VoteCal | *ਪਹਿਲਾਂ CalVoter ਵਜੋਂ ਜਾਣਿਆ ਜਾਂਦਾ ਸੀ।*<br>ਹੈਲਪ ਅਮਰੀਕਾ ਵੋਟ ਅਧਿਨਿਯਮ (HAVA) ਦੇ ਆਦੇਸ਼ ਨਾਲ, VoteCal, ਸੈਕ੍ਰੇਟਰੀ ਔਫ਼ ਸਟੇਟ ਦੁਆਰਾ ਵਿਕਸਤ ਅਤੇ ਪ੍ਰਬੰਧਿਤ ਕੀਤਾ ਜਾਂਦਾ, ਕੇਂਦਰੀਕ੍ਰਿਤ ਰਾਜ-ਵਿਆਪੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ ਹੈ। ਰਾਜ ਦੀ ਹਰੇਕ ਕਾਉਂਟੀ ਸਿਸਟਮ ਨਾਲ ਜੁੜੀ ਹੁੰਦੀ ਹੈ ਅਤੇ ਡੁਪਲੀਕੇਟ ਰਜਿਸਟ੍ਰੇਸ਼ਨ ਜਾਂ ਕਿਸੇ ਵੀ ਨਵੀਆਂ ਅੱਪਡੇਟਾਂ ਦੀ ਜਾਂਚ ਕਰਨ ਲਈ ਇਸਦੀ ਵਰਤੋਂ ਕਰ ਸਕਦੀ ਹੈ ਜੋ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਣਗੇ। VoteCal ਕਾਉਂਟੀ ਦੇ ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ (EIMS) ਅਤੇ ਹੋਰ ਰਾਜ ਪ੍ਰਣਾਲੀਆਂ ਜਿਵੇਂ ਕਿ ਸੁਧਾਰ ਅਤੇ ਮੁੜ-ਵਸੇਬਾ ਵਿਭਾਗ, ਜਨਤਕ ਸਿਹਤ ਦਾ ਵਿਭਾਗ ਅਤੇ ਮੋਟਰ ਵਾਹਨਾਂ ਦੇ ਵਿਭਾਗ ਨਾਲ ਅੰਤਰ-ਕਿਰਿਆ ਕਰਦਾ ਹੈ ਅਤੇ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਦਾ ਹੈ।<br>*(2002 ਦਾ ਹੈਲਪ ਅਮਰੀਕਾ ਵੋਟ ਅਧਿਨਿਯਮ)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਵੋਟਰ ਕਾਰਵਾਈ ਬੇਨਤੀ ਫਾਰਮ (VARF) | Santa Clara ਕਾਉਂਟੀ ਦੇ "ਰਜਿਸਟਰਡ" ਵੋਟਰਾਂ ਲਈ ਹੇਠਾਂ ਦਿੱਤੇ ਕੰਮਾਂ ਵਾਸਤੇ ਫਾਰਮ:<br>1. ਪਤਾ ਜਾਂ ਡਾਕ ਪਤਾ ਬਦਲਣਾ (ਜੇ Santa Clara ਕਾਉਂਟੀ ਦੇ ਅੰਦਰ ਰਹਿਣ ਦੀ ਜਗ੍ਹਾ ਬਦਲ ਰਹੇ ਹੋ)<br>2. ਭਾਸ਼ਾ ਤਰਜੀਹ ਨੂੰ ਬਦਲਣਾ (ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਹਿੰਦੀ, ਜਪਾਨੀ, ਖਮੇਰ ਅਤੇ ਕੋਰੀਆਈ)<br>3. ਇੱਕ ਪ੍ਰਤੀਕ੍ਰਿਤੀ ਬੈਲਟ ਲਈ ਬੇਨਤੀ ਕਰਨਾ<br>4. ਸਥਾਈ ਡਾਕ-ਰਾਹੀਂ-ਵੋਟ ਸਥਿਤੀ ਨੂੰ ਬਦਲਣਾ<br>5. ਰਜਿਸਟ੍ਰੇਸ਼ਨ ਜਾਣਕਾਰੀ ਵਿੱਚ ਗਲਤ ਹਿੱਜਿਆਂ ਜਾਂ ਹੋਰ ਗਲਤੀਆਂ ਨੂੰ ਠੀਕ ਕਰਨਾ<br>6. ਡਾਕ ਰਾਹੀਂ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਪ੍ਰਾਪਤ ਕਰਨ ਤੋਂ ਔਪਟ-ਆਉਟ (ਬਾਹਰ ਰਹਿਣਾ)<br>7. ਵੋਟਰ ਰਜਿਸਟ੍ਰੇਸ਼ਨ ਰੱਦ ਕਰਨਾ<br>8. ਪਰਿਵਾਰ ਦੇ ਜਾਂ ਘਰ ਦੇ ਕਿਸੇ ਮ੍ਰਿਤਕ ਮੈਂਬਰ ਦੀ ਵੋਟਰ ਰਜਿਸਟ੍ਰੇਸ਼ਨ ਰੱਦ ਕਰਨੀ<br>*(California ਚੋਣ ਕੋਡ §§2150 - 2168)* |
| ਵੋਟਰ ਸਿੱਖਿਆ ਅਤੇ ਪਹੁੰਚ ਗੱਠਜੋੜ (VEOC) | ਕਾਉਂਟੀ ਵਿੱਚ ਸਿੱਖਿਆ ਦੇ ਮੌਕਿਆਂ ਨੂੰ ਵਧਾਉਣ ਅਤੇ ਲੋਕਾਂ ਤੱਕ ਪਹੁੰਚ ਅਤੇ ਜੁੜਾਵ ਰਾਹੀਂ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਉਣ ਨਾਲ ਜੁੜੇ ਮਾਮਲਿਆਂ ਬਾਰੇ ਵੋਟਰਾਂ ਦੇ ਰਜਿਸਟਰਾਰ (ROV) ਨੂੰ ਸਲਾਹ ਦਿੰਦਾ ਹੈ ਅਤੇ ਸਿਫ਼ਾਰਿਸ਼ ਕਰਦਾ ਹੈ। ਗੱਠਜੋੜ ਵਿੱਚ ਵਿਅਕਤੀਆਂ ਅਤੇ ਭਾਈਚਾਰਕ ਸੰਗਠਨਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ ਜਿਨ੍ਹਾਂ ਨੇ ਸਿੱਖਿਆ ਅਤੇ ਲੋਕਾਂ ਤੱਕ ਪਹੁੰਚ ਦੇ ਪ੍ਰੋਗਰਾਮਾਂ ਦਾ ਤਜਰਬਾ ਪ੍ਰਦਰਸ਼ਿਤ ਕੀਤਾ ਹੋਵੇਗਾ ਜਾਂ ਜੋ ਸਿਟੀ ਚੋਣ ਅਧਿਕਾਰੀ ਹੋਣਗੇ। ਗੱਠਜੋੜ ROV ਲਈ ਸਲਾਹਕਾਰੀ ਸਮਰੱਥਾ ਵਿੱਚ ਕੰਮ ਕਰੇਗਾ। |
| ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ | ਕਾਉਂਟੀ ਦੀ ਚੋਣ ਪ੍ਰਸ਼ਾਸਨ ਯੋਜਨਾ (EAP) ਵਿੱਚ ਸ਼ਾਮਲ ਕੀਤੇ ਜਾਣ ਦੀ ਲੋੜ ਹੁੰਦੀ ਹੈ ਅਤੇ ਸੈਕ੍ਰੇਟਰੀ ਔਫ਼ ਸਟੇਟ ਦੁਆਰਾ ਪ੍ਰਵਾਨਗੀ ਦਿੱਤੀ ਜਾਣੀ ਲਾਜ਼ਮੀ ਹੁੰਦੀ ਹੈ। ਇਸ ਯੋਜਨਾ ਵਿੱਚ ਇਹ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ ਕਿ ਕਾਉਂਟੀ ਚੋਣ ਅਧਿਕਾਰੀ, ਵੋਟਰ ਪਸੰਦ ਅਧਿਨਿਯਮ (VCA) ਦੀਆਂ ਸਿੱਖਿਆ ਅਤੇ ਲੋਕਾਂ ਤੱਕ ਪਹੁੰਚ ਨਾਲ ਜੁੜੇ ਖਾਸ ਪ੍ਰਾਵਧਾਨਾਂ ਨੂੰ ਕਿਵੇਂ ਪੂਰਾ ਕਰੇਗਾ, ਜਿਸ ਵਿੱਚ ਮੀਡੀਆ, ਸੋਸ਼ਲ ਮੀਡੀਆ, ਜਨਤਕ ਸਿੱਖਿਆ ਮੀਟਿੰਗਾਂ ਅਤੇ ਵੋਟਰਾਂ ਨਾਲ ਸਿੱਧੇ ਸੰਪਰਕਾਂ ਦੀ ਵਰਤੋਂ ਸ਼ਾਮਲ ਹੈ, ਤਾਂ ਜੋ ਉਹਨਾਂ ਨੂੰ ਵੋਟ ਪਾਉਣ ਦੇ ਨਵੇਂ ਤਰੀਕਿਆਂ ਅਤੇ ਲਿਖਤੀ ਸਮੱਗਰੀ ਅਤੇ ਟੈਲੀਫ਼ੋਨ ਸਹਾਇਤਾ ਦੀ ਉਪਲਬਧਤਾ ਬਾਰੇ ਸੂਚਿਤ ਕੀਤਾ ਜਾ ਸਕੇ। |

## ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਵੋਟਰ ਸਿੱਖਿਆ ਵਰਕਸ਼ਾਪ | ਕਾਉਂਟੀ ਚੋਣ ਅਧਿਕਾਰੀ ਨੂੰ ਵੋਟਰਾਂ ਨੂੰ ਚੋਣ ਕਰਾਏ ਜਾਣ ਦੇ ਨਵੇਂ ਤਰੀਕੇ ਬਾਰੇ ਦੱਸਣ ਲਈ ਘੱਟੋ-ਘੱਟ ਦੋ ਟੀਚਾਬੱਧ ਵੋਟਰ ਸਿੱਖਿਆ ਵਰਕਸ਼ਾਪਾਂ ਲਾਜ਼ਮੀ ਕਰਵਾਉਣੀਆਂ ਚਾਹੀਦੀਆਂ ਹਨ। ਨਿਰਧਾਰਤ ਨਿਸ਼ਾਨਾਬੱਧ ਵਰਕਸ਼ਾਪਾਂ ਵਿੱਚ ਦੋਭਾਸ਼ੀ ਵੋਟਰ ਸਿੱਖਿਆ ਵਰਕਸ਼ਾਪਾਂ (ਕਾਉਂਟੀ ਦੁਆਰਾ ਲੋੜੀਂਦੀ ਹਰੇਕ ਭਾਸ਼ਾ ਲਈ ਘੱਟੋ-ਘੱਟ ਇੱਕ) ਅਤੇ ਅਸਮਰਥਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਵਰਕਸ਼ਾਪਾਂ ਨੂੰ ਸ਼ਾਮਲ ਕਰਨਾ ਲਾਜ਼ਮੀ ਹੈ। |
| ਵੋਟਰ ਤੱਕ ਪਹੁੰਚ | ਵੋਟਿੰਗ ਪ੍ਰਕਿਰਿਆ ਬਾਰੇ, ਵਿਅਕਤੀਗਤ ਤੌਰ 'ਤੇ ਜਾਂ ਇਲੈਕਟ੍ਰੋਨਿਕ ਤੌਰ 'ਤੇ, ਕਿਰਿਆਸ਼ੀਲਤਾ ਨਾਲ ਜਾਣਕਾਰੀ ਦਾ ਪ੍ਰਸਾਰਨ ਕਰਨਾ। |
| ਵੋਟਰ ਰਜਿਸਟ੍ਰੇਸ਼ਨ ਅਰਜ਼ੀ | *ਰਜਿਸਟ੍ਰੇਸ਼ਨ ਦਾ ਹਲਫ਼ਨਾਮਾ* ਦੇਖੋ<br>*(California ਚੋਣ ਕੋਡ §2188)* |
| ਵੋਟਰ ਰਜਿਸਟ੍ਰੇਸ਼ਨ ਕਾਰਡ | *ਰਜਿਸਟ੍ਰੇਸ਼ਨ ਦਾ ਹਲਫ਼ਨਾਮਾ* ਦੇਖੋ<br>*(California ਚੋਣ ਕੋਡ §2158)* |
| ਵੋਟਰ ਰਜਿਸਟ੍ਰੇਸ਼ਨ ਫਾਰਮ | *ਰਜਿਸਟ੍ਰੇਸ਼ਨ ਦਾ ਹਲਫ਼ਨਾਮਾ* ਦੇਖੋ<br>*(California ਚੋਣ ਕੋਡ §2162)* |
| ਵੋਟਰ ਰਿਹਾਇਸ਼ ਪੁਸ਼ਟੀਕਰਨ ਕਾਰਡ | ਵੋਟਰ ਰਿਹਾਇਸ਼ ਪੁਸ਼ਟੀਕਰਨ ਕਾਰਡ (8D2 ਕਾਰਡ) ਪਹਿਲੇ ਦਰਜੇ ਦੀ ਅੱਗੇ ਭੇਜੀ ਜਾ ਸਕਣ ਵਾਲੀ ਡਾਕ ਦੁਆਰਾ ਭੇਜਿਆ ਜਾਂਦਾ ਹੈ ਜੋ ਕਿਸੇ ਵੋਟਰ ਦੇ ਪਤੇ ਦੀ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ। ਇਹ ਕਾਰਡ ਵੋਟਰ ਰਜਿਸਟ੍ਰੇਸ਼ਨ ਫ਼ਾਈਲ ਦਾ ਪ੍ਰਬੰਧਨ ਕਰਨ ਅਤੇ ਉਹਨਾਂ ਵੋਟਰਾਂ ਦੇ ਪਤੇ ਦੀ ਪੁਸ਼ਟੀ ਕਰਨ ਅਤੇ ਉਹਨਾਂ ਨੂੰ ਸਹੀ ਕਰਨ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਰਿਹਾਇਸ਼ ਬਦਲੀ ਹੋ ਸਕਦੀ ਹੈ।<br>*(California ਚੋਣ ਕੋਡ §§2191, 2220, & 2240 - 2231)* |
| ਵੋਟਰ ਪੁਸ਼ਟੀਕਰਨ ਪ੍ਰਣਾਲੀ | ਕਾਉਂਟੀ ਚੋਣਾਂ ਦੇ ਅਧਿਕਾਰੀਆਂ ਵਾਸਤੇ ਕਿਸੇ ਵੋਟ ਕੇਂਦਰ ਵਿਖੇ ਵੋਟਰ ਰਜਿਸਟ੍ਰੇਸ਼ਨ ਡੇਟਾ ਤੱਕ ਤੁਰੰਤ ਪਹੁੰਚ ਕਰਨ ਲਈ ਇੱਕ ਇਲੈਕਟ੍ਰੋਨਿਕ ਪ੍ਰਣਾਲੀ।<br>*ਇਲੈਕਟ੍ਰੋਨਿਕ ਪੋਲਬੁੱਕ ਦੇਖੋ।*<br>*(California ਚੋਣ ਕੋਡ §359.2)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਵੋਟਰ ਪਸੰਦ ਅਧਿਨਿਯਮ (VCA) | ਸੇਨੇਟਰ Ben Allen ਦੁਆਰਾ ਪੇਸ਼ ਕੀਤਾ ਗਿਆ, 2016 ਵਿੱਚ ਪਾਸ ਹੋਇਆ, ਇੱਕ ਨਵਾਂ California ਕਾਨੂੰਨ (SB450) ਜੋ ਵੋਟਰਾਂ ਲਈ ਵਧੇਰੇ ਲਚਕਤਾ ਅਤੇ ਸਹੂਲਤ ਮੁਹੱਈਆ ਕਰਨ ਵਾਲੇ ਇੱਕ ਨਵੇਂ ਮਾਡਲ ਦੇ ਅਧੀਨ ਚੋਣਾਂ ਕਰਵਾਉਣ ਦੀ ਆਗਿਆ ਦੇ ਕੇ, California ਵਿੱਚ ਚੋਣਾਂ ਨੂੰ ਆਧੁਨਿਕ ਬਣਾਏਗਾ।<br>ਇਹ ਨਵਾਂ ਚੋਣ ਮਾਡਲ ਹੇਠਾਂ ਦਿੱਤੇ ਕੰਮਾਂ ਦੁਆਰਾ ਵੋਟਰਾਂ ਨੂੰ ਇਹ ਚੁਣਨ ਦੀ ਆਗਿਆ ਦਿੰਦਾ ਹੈ ਕਿ ਆਪਣੀ ਵੋਟ ਕਿਵੇਂ, ਕਦੋਂ ਅਤੇ ਕਿੱਥੇ ਪਾਉਣੀ ਹੈ:<br>1. ਹਰੇਕ ਵੋਟਰ ਨੂੰ ਇੱਕ ਬੈਲਟ ਭੇਜਣੀ<br>2. ਵਿਅਕਤੀਗਤ ਤੌਰ 'ਤੇ ਜਲਦੀ ਵੋਟਿੰਗ ਦਾ ਵਿਸਤਾਰ ਕਰਨਾ<br>3. ਵੋਟਰਾਂ ਨੂੰ ਆਪਣੀ ਕਾਉਂਟੀ ਦੇ ਅੰਦਰ ਕਿਸੇ ਵੀ ਵੋਟ ਕੇਂਦਰ ਵਿਖੇ ਵੋਟ ਪਾਉਣ ਦੀ ਆਗਿਆ ਦੇਣੀ<br>ਇਸ ਕਾਨੂੰਨ ਦਾ ਉਦੇਸ਼ ਕਾਉਂਟੀਆਂ ਨੂੰ ਕੁਝ ਖਾਸ ਹਾਲਾਤਾਂ ਵਿੱਚ ਡਾਕ ਦੁਆਰਾ ਚੋਣਾਂ ਕਰਾਉਣ ਦੀ ਇਜਾਜ਼ਤ ਦੇ ਕੇ ਵੋਟਰਾਂ ਦੀ ਭਾਗੀਦਾਰੀ ਵਿੱਚ ਵਾਧਾ ਕਰਨਾ ਹੈ।<br>*(California ਚੋਣ ਕੋਡ §§3017, 15320, & 4005 - 4008)* |
| ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) | ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦੀ ਸਥਾਪਨਾ ਵੋਟਰਾਂ ਦੇ ਰਜਿਸਟਰਾਰ (ROV) ਨੂੰ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਚੋਣਾਂ ਤੱਕ ਪਹੁੰਚ ਵਿੱਚ ਸੁਧਾਰ ਲਿਆਉਣ ਸੰਬੰਧੀ ਮਾਮਲਿਆਂ ਬਾਰੇ ਸਲਾਹ ਦੇਣ ਲਈ ਕੀਤੀ ਗਈ ਸੀ, ਅਤੇ ਵੋਟ ਕੇਂਦਰਾਂ ਦੀ ਸਥਾਪਨਾ ਅਤੇ ਵੋਟਰ ਸੇਵਾਵਾਂ ਅਤੇ ਅਸਮਰਥਤਾਵਾਂ ਵਾਲੇ ਵਿਅਕਤੀਆਂ ਲਈ ਪਹੁੰਚ ਵਿੱਚ ਸੁਧਾਰ ਕਰਨ ਲਈ ਸਿਫ਼ਾਰਿਸ਼ਾਂ ਕਰੇਗੀ, ਜਿਨ੍ਹਾਂ ਵਿੱਚ ਕਮਜ਼ੋਰ ਨਜ਼ਰ ਵਾਲੇ ਵੋਟਰ, ਅਤੇ ਬੋਲ਼ੇ, ਜਾਂ ਸੁਣਨ ਵਿੱਚ ਮੁਸ਼ਕਲਾਂ ਵਾਲੇ ਵੋਟਰ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ। ਕਮੇਟੀ ਵਿੱਚ ਅਸਮਰਥਤਾਵਾਂ ਵਾਲੇ ਵੋਟਰ ਸ਼ਾਮਲ ਹੋਣਗੇ ਜਿਸ ਨੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਪਹੁੰਚਯੋਗਤਾ ਦੀਆਂ ਲੋੜਾਂ ਦੇ ਨਾਲ ਅਨੁਭਵ ਦਾ ਪ੍ਰਦਰਸ਼ਨ ਕੀਤਾ ਹੋਵੇਗਾ ਜਾਂ ਸਿਟੀ ਚੋਣ ਅਧਿਕਾਰੀ ਹੋਵੇਗਾ। ਕਮੇਟੀ ਸਲਾਹਕਾਰ ਸਮਰੱਥਾ ਵਿੱਚ ਕੰਮ ਕਰੇਗੀ। |
| ਵੋਟਿੰਗ ਡਿਵਾਈਸ | ਬੈਲਟ ਕਾਰਡ ਨੂੰ ਨਿਸ਼ਾਨ ਲਗਾਉਣ, ਪੰਚ ਕਰਨ, ਜਾਂ ਸਲੋਟ ਕਰਨ ਦੁਆਰਾ ਵੋਟਰ ਦੀ ਚੋਣ ਦਰਸਾਉਣ ਲਈ ਬੈਲਟ ਕਾਰਡ ਜਾਂ ਕਾਰਡਾਂ ਦੇ ਨਾਲ ਜੋੜ ਕੇ ਵਰਤਿਆ ਜਾਂਦਾ ਕੋਈ ਵੀ ਡਿਵਾਈਸ।<br>*(California ਚੋਣ ਕੋਡ ਡਿਵੀਜ਼ਨ 19)* |

# ਅੰਤਕਾ A - ਨਿਯਮਾਂ ਅਤੇ ਸੰਖੇਪ ਸ਼ਬਦਾਂ ਦੀ ਸ਼ਬਦਾਵਲੀ

| ਸ਼ਬਦ/ਸੰਖੇਪ ਸ਼ਬਦ | ਅਰਥ |
|---|---|
| ਵੋਟਿੰਗ ਮਸ਼ੀਨ | ਕੋਈ ਵੀ ਇਲੈਕਟ੍ਰੋਨਿਕ ਡਿਵਾਈਸ, ਜਿਸ ਵਿੱਚ ਕੋਈ ਪ੍ਰਿਸਿੰਕਟ ਔਪਟਿਕਲ ਸਕੈਨਰ ਅਤੇ ਡਾਇਰੈਕਟ ਰਿਕਾਰਡਿੰਗ ਇਲੈਕਟ੍ਰੋਨਿਕ (DRE) ਵੋਟਿੰਗ ਪ੍ਰਣਾਲੀ ਸ਼ਾਮਲ ਹੈ, ਪਰ ਇਸ ਤੱਕ ਹੀ ਸੀਮਿਤ ਨਹੀਂ ਹੈ, ਜਿਸ ਵਿੱਚ ਕੋਈ ਵੋਟਰ ਆਪਣੀ ਵੋਟ ਦਾਖਲ ਕਰ ਸਕਦਾ ਜਾਂ ਸਕਦੀ ਹੈ, ਅਤੇ ਜੋ, ਇਲੈਕਟ੍ਰੋਨਿਕ ਟੇਬੁਲੇਸ਼ਨ ਅਤੇ ਪ੍ਰਿੰਟ ਆਉਟ ਜਾਂ ਹੋਰ ਸਪੱਸ਼ਟ, ਮਨੁੱਖੀ-ਪੜ੍ਹਨਯੋਗ ਰਿਕਾਰਡਾਂ ਦੇ ਜ਼ਰੀਏ, ਹਰੇਕ ਉਮੀਦਵਾਰ ਲਈ ਅਤੇ ਹਰੇਕ ਵਿਧੇਅਕ ਦੇ ਪੱਖ ਵਿੱਚ ਜਾਂ ਇਸਦੇ ਵਿਰੁੱਧ, ਪਾਈਆਂ ਗਈਆਂ ਵੋਟਾਂ ਦੀ ਕੁੱਲ ਗਿਣਤੀ ਪੇਸ਼ ਕਰਦਾ ਹੈ।<br>*(California ਚੋਣ ਕੋਡ ਡਿਵੀਜ਼ਨ 19)* |
| ਵੋਟਿੰਗ ਸਿਸਟਮ | ਕੋਈ ਬੈਲਟ ਪਾਉਣ, ਵੋਟਾਂ ਨੂੰ ਟੈਬੁਲੇਟ ਕਰਨ, ਜਾਂ ਦੋਵਾਂ ਲਈ ਇੱਕ ਮਕੈਨੀਕਲ, ਇਲੈਕਟ੍ਰੋਮਕੈਨੀਕਲ, ਜਾਂ ਇਲੈਕਟ੍ਰੋਨਿਕ ਸਿਸਟਮ, ਅਤੇ ਇਸਦਾ ਸਾਫਟਵੇਅਰ, ਜਾਂ ਇਹਨਾਂ ਦਾ ਕੋਈ ਵੀ ਸੰਯੋਜਨ। “ਵੋਟਿੰਗ ਸਿਸਟਮ” ਵਿੱਚ ਦੂਰੋਂ ਪਹੁੰਚਯੋਗ ਡਾਕ-ਰਾਹੀਂ-ਵੋਟ ਪ੍ਰਣਾਲੀ ਸ਼ਾਮਲ ਨਹੀਂ ਹੁੰਦੀ।<br>*(California ਚੋਣ ਕੋਡ ਡਿਵੀਜ਼ਨ 19)* |
| ਵੋਟਰ-ਤਸਦੀਕਸ਼ੁਦਾ ਕਾਗਜ਼ੀ ਔਡਿਟ ਟ੍ਰੇਲ (VVPAT) | 1 ਜਨਵਰੀ, 2006 ਤੋਂ ਬਾਅਦ ਵਰਤੀਆਂ ਜਾਂਦੀਆਂ ਸਾਰੀਆਂ ਡਾਇਰੈਕਟ ਰਿਕਾਰਡਿੰਗ ਇਲੈਕਟ੍ਰੋਨਿਕ (DRE) ਵੋਟਿੰਗ ਮਸ਼ੀਨਾਂ ਵਿੱਚ ਇੱਕ ਪਹੁੰਚਯੋਗ ਵੋਟਰ-ਤਸਦੀਕਸ਼ੁਦਾ ਕਾਗਜ਼ੀ ਔਡਿਟ ਟ੍ਰੇਲ ਹੋਣਾ ਲਾਜ਼ਮੀ ਹੈ। ਇਲੈਕਟ੍ਰੋਨਿਕ ਵੋਟਿੰਗ ਮਸ਼ੀਨ 'ਤੇ ਵੋਟ ਪਾਉਣ ਵਾਲੇ ਸਾਰੇ ਵੋਟਰਾਂ ਨੂੰ ਆਪਣੀ ਵੋਟ ਨੂੰ ਅੰਤਮ ਰੂਪ ਦੇਣ ਅਤੇ ਵੋਟ ਪਾਉਣ ਤੋਂ ਪਹਿਲਾਂ ਇਸ ਛਪੇ ਹੋਏ ਕਾਗਜ਼ੀ ਰਿਕਾਰਡ ਵਿੱਚ ਆਪਣੀ ਬੈਲਟ ਦੀਆਂ ਚੋਣਾਂ ਦੀ ਸਮੀਖਿਆ ਅਤੇ ਪੜਤਾਲ ਕਰਨੀ ਚਾਹੀਦੀ ਹੈ। ਇੱਕ ਵਾਰ ਬੈਲਟ ਪਾਉਣ ਤੋਂ ਬਾਅਦ, ਬੈਲਟ ਦਾ ਇਹ ਕਾਗਜ਼ੀ ਰਿਕਾਰਡ, ਚੋਣ ਔਡਿਟ ਟ੍ਰੇਲ ਦੇ ਹਿੱਸੇ ਦੇ ਤੌਰ 'ਤੇ ਵੋਟਿੰਗ ਮਸ਼ੀਨ ਦੇ ਅੰਦਰ ਰੱਖ ਲਿਆ ਜਾਂਦਾ ਹੈ, ਤਾਂ ਜੋ ਦਰਜ ਕੀਤੀਆਂ ਵੋਟਾਂ ਦੀ ਸ਼ੁੱਧਤਾ ਦੀ ਪੁਸ਼ਟੀ ਕੀਤੀ ਜਾ ਸਕੇ। California ਚੋਣ ਕੋਡ ਦੇ ਅਨੁਸਾਰ, ਵੋਟਰਾਂ ਨੂੰ ਆਪਣੀ ਵੋਟ ਦੀਆਂ ਚੋਣਾਂ ਦਾ ਛਪਿਆ ਹੋਇਆ ਕਾਗਜ਼ੀ ਰਿਕਾਰਡ ਨਹੀਂ ਮਿਲਦਾ ਹੈ।<br>*(California ਚੋਣ ਕੋਡ § 19250)* |